# ਅਸੀਂ ਹਾਂ ਕੌਣ

# ?

**"ਨ ਹਮ ਹਿੰਦੂ ਨ ਮੁਸਲਮਾਨ"**

ਸਾਡੀ ਨਿਗਾਹ ਵਿੱਚ ਨਾ ਕੋਈ ਵੈਰੀ ਹੈ, ਨਾ ਬੇਗ਼ਾਨਾ
ਅਸੀਂ ਸਭ ਦੇ ਸੱਜਣ ਹਾਂ।

ਅਸਾਡੀ ਨਿਗਾਹ ਵਿੱਚ ਨਾ ਕੋਈ ਕਾਫ਼ਰ ਹੈ
ਨਾ ਕੋਈ ਮਲੇਛ ਹੈ।

ਪ੍ਰਕਾਸ਼ਕ

**ਸਿੱਖ ਬੁੱਕ ਸੈਂਟਰ**

ਮਾਡਲ ਟਾਊਨ ਐਕਸਟੇਨਸ਼ਨ
ਲੁਧਿਆਣਾ-2

ਭੇਟਾ : 5/-

# ਅਸੀਂ ਹਾਂ ਕੌਣ ?

## ਲੇਖ ਸੂਚੀ


- ਸਮਰਪਣ
- ਸਿੱਖ ਦੀ ਵਿਲੱਖਣਤਾ
- ਏਕ ਹੀ ਸਰੂਪ ਸਬੈ
- ਸਾਡਾ ਧਰਮ
- ਅਸੀਂ ਕੀ ਹਾਂ
- ਨਾ ਹਮ ਹਿੰਦੂ ਨਾ ਮੁਸਲਮਾਨ
- ਅਸੀਂ ਕਿਸੇ ਧਰਮ ਦੇ ਵੈਰੀ ਨਹੀਂ
- ਨਿਆਰਾ ਖਾਲਸਾ
- ਸਿੱਖ ਦਾ ਸ਼ੁੱਧ ਸਰੂਪ
- ਕੀ ਰਾਸ਼ਟਰੀਯ ਸਿੱਖ ਸੰਗਤ ਸਿੱਖ ਸੋਚ ਦੀ ਹਿਤੈਸ਼ੀ ਹੈ ?
- ਰਾਸ਼ਟਰੀਯ ? ਸਿੱਖ ? ਸੰਗਤ ?
- ਕੀ ਇਹ ਸੱਚੀ ਸ਼ਰਧਾਂਜਲੀ ਹੈ ?
- ਹਿੰਦੁਸਤਾਨ ਦੀ ਏਕਤਾ ਭੰਗ ਨਾ ਹੋਣ ਦਿਓ
- ਹਮਲਾਵਰਾਂ ਨੇ ਹਿੰਦੂ ਮੰਦਿਰ ਕਿਉਂ ਢਾਹੇ ?
- ਏਕ ਪਿਤਾ ਏਕਸ ਕੇ ਹਮ ਬਾਰਿਕ
- ਗੁਰਮਤਿ ਗੌਰਵਤਾ

# ਸਿੱਖ ਦੀ ਵਿਲੱਖਣਤਾ ਮਾਣਯੋਗ ਹੈ !

ਜਾਗਤ ਜੋਤਿ ਜਪੈ ਨਿਸ ਬਾਸੁਰ,
ਏਕ ਬਿਨਾ ਮਨ ਨੈਕ ਨ ਆਨੈ।।
ਪੂਰਨ ਪ੍ਰੇਮ ਪ੍ਰਤੀਤ ਸਜੈ,
ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ।।
ਤੀਰਥ ਦਾਨ ਦਇਆ ਤਪ ਸੰਜਮ,
ਏਕ ਬਿਨਾਂ ਨਹਿ ਏਕ ਪਛਾਨੈ।।
ਪੂਰਨ ਜੋਤਿ ਜਗੈ ਘਟ ਮੈ,
ਤਬ ਖਾਲਸ ਤਾਂਹਿ ਨਖਾਲਸ ਜਾਨੈ।।(੩੩ ਸਵਯੇ) ਪਾਤਸ਼ਾਹੀ ਦਸਵੀਂ

ਗਿਆਨੀ ਸਰੂਪ ਸਿੰਘ ਕੰਡਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕੰਡਿਆਣਾ ਤਹਿ: ਫਿਲੌਰ (ਜਲੰਧਰ)

ਸਿੱਖ, ਖੰਡਾਂ ਬ੍ਰਹਮੰਡਾਂ ਵਿਚ ਵਰਤ ਰਹੀ ਜੀਵੰਤ ਪਰਮਾਤਮ ਜੋਤ ਦੀ ਭਗਤੀ ਕਰਦਾ ਹੈ, ਇਸ ਤੋਂ ਬਿਨਾਂ ਹੋਰ ਕਿਸੇ ਨੂੰ ਇਸ਼ਟ ਨਹੀਂ ਮੰਨਦਾ। ਇਸੇ 'ਚ ਪੂਰੀ ਸ਼ਰਧਾ ਤੇ ਪ੍ਰੀਤ-ਪ੍ਰਤੀਤ ਰੱਖਦਾ ਹੈ। ਵਰਤਾਂ, ਮੜ੍ਹੀਆਂ ਤੇ ਮੱਠਾਂ ਨੂੰ ਭੁੱਲ ਕੇ ਵੀ ਨਹੀਂ ਮੰਨਦਾ, ਤੀਰਥਾਂ ਤੇ ਇਸ਼ਨਾਨ ਅਤੇ ਪੁੰਨ ਦਾਨ ਦੇ ਕਰਮ ਕਾਂਡ 'ਚ ਨਹੀਂ ਫੱਸਦਾ।

ਇਸ ਤਰ੍ਹਾਂ ਉਸ ਦੇ ਅੰਦਰ ਪ੍ਰਭੂ-ਜੋਤਿ ਜੱਗਮਗ ਕਰਦੀ ਹੈ ਤੇ ਉਹ ਪੂਰਨ ਖਾਲ਼ਸਾ ਪਰਉਪਕਾਰੀ ਹੋ ਨਿਬੜਦਾ ਹੈ। ਸਿੱਖ ਨੂੰ ਬ੍ਰਾਹਮਣਵਾਦੀ ਧਰਮ ਦਾ ਅਨੁਯਾਈ ਦੱਸਣਾ ਘੋਰ ਝੂਠ ਹੈ।

# ਏਕ ਹੀ ਸਰੂਪ ਸਬੈ.....

ਦੇਹਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ,
ਮਾਨਸ ਸਬੈ ਏਕ ਪੈ ਅਨੇਕ ਕੋ ਪ੍ਰਭਾਉ ਹੈ।
ਦੇਵਤਾ ਅਦੇਵ[੧] ਜੱਛ[੨] ਗੰਧ੍ਰਬ[੩] ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।
ਏਕੈ ਨੈਨ ਏਕੈ ਕਾਨ, ਏਕੈ ਦੇਹ ਏਕੈ ਬਾਨ[੪],
ਖਾਕ[੫] ਬਾਦ[੬] ਆਤਸ[੭] ਔ ਆਬ[੮] ਕੋ ਰਲਾਉ ਹੈ।
ਅਲਹ ਅਭੇਖ ਸੋਈ, ਪੁਰਾਨ ਔ ਕੁਰਾਨ ਓਈ,
ਏਕ ਹੀ ਸਰੂਪ ਸਬੈ, ਏਕ ਹੀ ਬਨਾਉ ਹੈ।।੧੬।੮੬।।

(ਅਕਾਲ ਉਸਤਤਿ)

---

੧. ਦੈਂਤ, ੨. ਦੇਵਤੇ, ੩. ਸਵਰਗ ਦੇ ਰਾਗੀ,
੪. ਬੋਲੀ, ੫. ਮਿੱਟੀ, ੬. ਪੌਣ, ੭. ਅਗਨੀ,
੮. ਪਾਣੀ।

# ਸਾਡਾ ਧਰਮ–ਸਰਬ ਸਾਂਝਾ ਧਰਮ

ਰਾਮਕਲੀ ਮਹਲਾ ੫ ।।
ਕੋਈ ਬੋਲੈ ਰਾਮ ਰਾਮ ਕੋਈ ਖੁਦਾਇ।।
ਕੋਈ ਸੇਵੈ ਗੁਸਈਆ ਕੋਈ ਅਲਾਹਿ।।੧।।
ਕਾਰਣ ਕਰਣ ਕਰੀਮ।। ਕਿਰਪਾ ਧਾਰਿ ਰਹੀਮ।।੧।।ਰਹਾਉ।।
ਕੋਈ ਨਾਵੈ ਤੀਰਥਿ ਕੋਈ ਹਜ ਜਾਇ।।
ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ।।੨।।
ਕੋਈ ਪੜੈ ਬੇਦ ਕੋਈ ਕਤੇਬ।। ਕੋਈ ਓਢੈ ਨੀਲ ਕੋਈ ਸੁਪੇਦ।।੩।।
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ।।
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੁ।।੪।।
ਕਹੁ ਨਾਨਕ ਜਿਨਿ ਹੁਕਮੁ ਪਛਾਤਾ।।
ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ।।੫।।੯।।

ਗੁਰੂ ਅਰਜਨ ਦੇਵ ਜੀ ਸਪਸ਼ਟ ਕਰਦੇ ਹਨ ਕਿ ਇਸ ਭਾਰਤ ਅਤੇ ਜਗਤ ਵਿਚ ਕੋਈ ਰਾਮ–ਰਾਮ ਕਹਿ ਰਿਹਾ ਹੈ। ਕੋਈ ਅੱਲਾਹ ਦੀ ਬੰਦਗੀ ਕਰਦਾ ਹੈ। ਕੋਈ ਤੀਰਥਾਂ ਤੇ ਨਹਾਂਦਾ ਹੈ ਤੇ ਕੋਈ ਹੱਜ ਕਰਦਾ ਹੈ। ਹਰ ਕੋਈ ਆਪਣੇ ਧਰਮ ਦੀਆਂ ਪੁਸਤਕਾਂ ਪੜ੍ਹਦਾ ਹੈ। ਕੋਈ ਮੁਸਲਮਾਨ ਹੈ, ਕੋਈ ਹਿੰਦੂ ਹੈ, ਕਿਸੇ ਦੀ ਪੁਸ਼ਾਕ ਚਿੱਟੀ ਹੈ ਤੇ ਕਿਸੇ ਦੀ ਨੀਲੀ। ਇਹੋ ਵੰਨ–ਸਵੰਨਤਾ ਹੀ ਉਸ ਪ੍ਰਭੂ ਦਾ ਹੁਕਮ ਹੈ, ਇਸ ਤੋਂ ਇਨਕਾਰੀ ਹੋਣ ਵਾਲਾ ਧਰਮੀ ਨਹੀ ਹੈ। ਉਸ ਦੀ ਰਜ਼ਾ ਵਿਚ ਰਹਿਣ ਵਾਲਾ ਹੀ ਉਸ ਦਾ ਭਗਤ ਹੈ।

# ਅਸੀ ਕੀ ਹਾਂ ?

ਅਸੀਂ ਤਪਤ ਕੜਾਹੀ ਵਿੱਚ ਭੁੱਜਦੇ ਮੱਕੀ ਦੇ ਦਾਣਿਆਂ ਵਾਂਗ ਮਰਨ ਸਮੇਂ ਖਿੜਨਾ ਹੀ ਖਿੜਨਾ ਹੈ, ਅਸੀਂ ਮਿੱਠੀਆਂ ਪੋਰੀਆਂ ਹਾਂ, ਇਸ ਲਈ ਅਸੀਂ ਬੇਲਣਿਆਂ ਵਿੱਚ ਪਿੜਨਾ ਹੀ ਪਿੜਨਾ ਹੈ। ਸਾਡੀ ਰਵਾਇਤ ਅਤੇ ਸਾਡਾ ਇਤਿਹਾਸ ਸਾਨੂੰ ਆਪਣੀ ਪਰਉਪਕਾਰ ਪ੍ਰਤਿਗਿਆ 'ਤੇ ਸੁਦ੍ਰਿੜ੍ਹ ਰਹਿਣ ਲਈ ਨਿਰੰਤਰ ਸੁਚੇਤ ਰੱਖਦੇ ਰਹੇ ਹਨ। ਅਸੀਂ ਵਿਸ਼ਵ-ਵਾਸੀਆਂ ਨੂੰ ਪ੍ਰੀਤ ਡੋਰ ਵਿੱਚ ਪਰੋਣ ਲਈ ਹਰ ਹੀਲਾ ਵਰਤਣਾ ਹੈ ਅਤੇ ਹਰ ਸੰਕਟ 'ਚੋਂ ਗੁਜ਼ਰਨਾ ਹੈ। ਸਾਡੇ ਦਸਤਰਖ਼ਾਨ ਤੇ ਦੋਸਤ ਅਤੇ ਦੁਸ਼ਮਣ ਸਮਾਨ ਹਨ, ਸਾਡੀ ਇਬਾਦਤਗਾਹ ਵਿੱਚ ਬੰਦੇ ਅਤੇ ਬੰਦਾ-ਨਿਵਾਜ਼ ਵੱਖਰੀਆਂ ਪੰਗਤਾਂ 'ਚ ਨਹੀਂ ਖੜਦੇ, ਸਾਡੀ ਨਿਗਾਹ ਵਿਚ ਨਾ ਕੋਈ ਵੈਰੀ ਹੈ, ਨਾ ਬੇਗ਼ਾਨਾ, ਅਸਾਡੀ ਨਿਗਾਹ ਵਿੱਚ ਨਾ ਕੋਈ ਕਾਫ਼ਰ ਹੈ, ਨਾ ਕੋਈ ਮਲੇਛ ਹੈ, ਸਾਡੇ ਸ਼ਬਦ ਕੋਸ਼ ਅਨੁਸਾਰ ਪ੍ਰਿਥਵੀ ਦਾ ਕੋਈ ਟੁਕੜਾ ਅਪ੍ਰਿਥਮੀ ਨਹੀਂ ਹੈ, ਕੋਈ ਭਾਖਾ ਅਭਾਖਾ ਨਹੀ ਹੈ। ਅਸੀਂ ਸਭ ਦੇ ਸੱਜਣ ਹਾਂ, ਸਾਡੇ ਪੂਰਵਜਾਂ ਦਾ ਸਾਨੂੰ ਇਹੋ ਉਪਦੇਸ਼ ਹੈ, ਪਰ ਜਿਨ੍ਹਾਂ ਮਦਮੱਤ ਹੰਕਾਰੀਆਂ ਨੂੰ ਸਾਡਾ ਸਵੈਮਾਨ ਅੱਖੜਦਾ ਹੈ ਅਸੀ ਉਨ੍ਹਾਂ ਨੂੰ ਆਪਣੀਆਂ ਅੱਖਾਂ ਦੀਆਂ ਪਲਕਾਂ 'ਤੇ ਆਸਣ-ਆਸੀਨ ਕਰਨ ਲਈ ਬਿਲਕੁਲ ਤਿਆਰ ਨਹੀਂ ਹਾਂ।

# ਨਾ ਹਮ ਹਿੰਦੂ ਨਾ ਮੁਸਲਮਾਨ

ਹਜ ਕਾਬੈ ਜਾਉ ਨ ਤੀਰਥ ਪੂਜਾ।।
ਏਕੋ ਸੇਵੀ ਅਵਰੁ ਨ ਦੂਜਾ।।
ਪੂਜਾ ਕਰਉ ਨ ਨਿਵਾਜ ਗੁਜਾਰਉ।।
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ।।
ਨ ਹਮ ਹਿੰਦੂ ਨ ਮੁਸਲਮਾਨ।।
ਅਲਹ ਰਾਮ ਕੇ ਪਿੰਡੁ ਪਰਾਨ।।

(ਪੰਨਾ ੧੧੩੬)

ਇਨ੍ਹਾਂ ਪਾਵਨ–ਸਤਰਾਂ ਵਿਚ ਗੁਰੂ ਅਰਜਨ ਸਾਹਿਬ ਜੀ ਆਪਣੇ ਸਮੇਂ ਦੇ ਬ੍ਰਾਹਮਣੀ ਅਤੇ ਸ਼ਰਈ, ਕਰਮ–ਕਾਂਡੀ ਮੱਤਾਂ, ਦੋਹਾਂ ਤੋਂ ਗੁਰਮਤਿ ਨੂੰ ਨਿਆਰਾ ਦੱਸਦੇ ਹਨ : ਕਿਉਂ ਕਿ ਉਨ੍ਹਾਂ ਦਾ ਮੱਤ ਉਸ ਇਕ ਰੱਬ ਦੇ ਆਸਰੇ ਟਿਕਿਆ ਹੋਇਆ ਹੈ ਜਿਸ ਨੂੰ ਹਿੰਦੂ 'ਰਾਮ' ਜਾਂ 'ਗੁਸਾਈ' ਅਤੇ ਮੁਸਲਮਾਨ 'ਅੱਲ੍ਹਾ' ਕਹਿੰਦੇ ਹਨ। ਇੰਜ ਗੁਰੂ ਸਾਹਿਬ ਜੀ ਕਰਮ–ਕਾਂਡੀ ਮੱਤਾਂ ਨੂੰ ਨਕਾਰਦੇ ਹੋਏ ਸਰਬ–ਸਾਂਝੀਵਾਲਤਾ ਵਾਲੇ ਸਰਬ–ਸਾਂਝੇ ਧਰਮ ਨੂੰ ਉਜਾਗਰ ਕਰਦੇ ਹਨ, ਜੋ ਹਿੰਦੂ, ਮੁਸਲਮਾਨ ਦੋਹਾਂ ਮੱਤਾਂ ਤੋਂ ਵੱਖਰਾ ਹੈ ਅਤੇ ਜਿਸ ਨੂੰ ਹਰ ਕੋਈ ਧਾਰਨ ਕਰ ਸਕਦਾ ਹੈ।

ਪੰਚਮ ਪਾਤਸ਼ਾਹ ਜੀ ਫਰਮਾਉਂਦੇ ਹਨ ਕਿ ਨਾ ਮੈਂ ਹੱਜ ਕਰਨ ਲਈ ਕਾਅਬੇ (ਇਸਲਾਮੀ ਧਰਮ ਕੇਂਦਰ) ਜਾਂਦਾ ਹਾਂ ਅਤੇ ਨਾ ਹੀ ਮੈਂ ਹਿੰਦੂਆਂ ਦੇ ਤੀਰਥਾਂ 'ਤੇ ਪੂਜਾ ਕਰਨ ਜਾਂਦਾ ਹਾਂ, ਮੈਂ ਤਾਂ ਕੇਵਲ ਇੱਕੋ–ਇਕ ਸਰਬ–ਸ਼ਕਤੀਮਾਨ ਰੱਬ ਦਾ ਸਿਮਰਨ ਕਰਦਾ ਹਾਂ, ਕਿਸੇ ਹੋਰ ਦਾ ਨਹੀਂ। ਨਾ ਤਾਂ ਮੈਂ ਹਿੰਦੂਆਂ ਵਾਂਗ ਪੂਜਾ (ਮੂਰਤੀ ਆਦਿ ਦੀ) ਕਰਦਾ ਹਾਂ ਅਤੇ ਨਾ ਹੀ ਮੁਸਲਮਾਨਾਂ ਵਾਂਗ ਨਮਾਜ਼ ਪੜ੍ਹਦਾ ਹਾਂ। ਮੈਂ ਤਾਂ ਬਸ, ਆਪਣੇ ਹਿਰਦੇ ਅੰਦਰ ਵੱਸੇ ਕੇਵਲ

ਇਕ ਅਕਾਲ ਪੁਰਖ ਅੱਗੇ ਹੀ ਸਿਰ ਝੁਕਾਉਂਦਾ ਹਾਂ। ਨਾ ਮੈਂ ਹਿੰਦੂ ਹਾਂ ਅਤੇ ਨਾ ਹੀ ਮੁਸਲਮਾਨ। ਮੇਰਾ ਸਰੀਰ ਅਤੇ ਜਿੰਦ-ਜਾਨ ਕੇਵਲ ਉਸ ਅਕਾਲ ਪੁਰਖ ਦੀ ਹੈ, ਜਿਸ ਨੂੰ ਮੁਸਲਮਾਨ, ਅੱਲ੍ਹਾ ਅਤੇ ਹਿੰਦੂ ਰਾਮ ਕਹਿੰਦੇ ਹਨ।

ਸਿਧਾਂਤਕ ਪੱਖੋਂ ਗੁਰਮਤਿ ਵਿਚ ਪੁਜਾਰੀ ਜਮਾਤ ਲਈ ਕੋਈ ਥਾਂ ਨਹੀਂ, ਗੁਰਬਾਣੀ ਵਿਚ ਗੁਰੂ-ਕਾਲ ਦੀ ਪੁਜਾਰੀ ਜਮਾਤ ਦੀ ਭਰਵੀਂ ਨਿਖੇਧੀ ਕੀਤੀ ਗਈ ਹੈ। ਭਗਤ ਕਬੀਰ ਜੀ ਵੀ ਭੈਰਉ ਰਾਗ ਦੇ ਆਪਣੇ ਇਕ ਸ਼ਬਦ ਵਿਚ ਅਜਿਹਾ ਹੀ ਸੁਨੇਹਾ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਮੈਂ ਝਗੜਿਆਂ ਦੀ ਜੜ੍ਹ, ਫਿਰਕਾਪ੍ਰਸਤ ਅਤੇ ਕਰਮ-ਕਾਂਡੀ ਪੁਜਾਰੀ ਜਮਾਤ (ਪੰਡਤਾਂ ਮੁਲਾਣਿਆਂ) ਨਾਲੋਂ ਆਪਣਾ ਨਾਤਾ ਤੋੜ ਲਿਆ ਹੈ।

ਹਮਰਾ ਝਗਰਾ ਰਹਾ ਨਾ ਕੋਉ।। ਪੰਡਿਤ ਮੁਲਾਂ ਛਾਡੇ ਦੋਉ।

(ਪੰਨਾ ੧੧੫੮-੫੯)

ਪੰਡਤ ਤੇ ਮੁੱਲਾਂ, ਜੋ ਸ਼ਰ੍ਹਾ ਅਤੇ ਕਰਮ-ਕਾਂਡੀ ਝਗੜਿਆ ਵਿਚ ਫਸੇ ਹੋਏ ਹਨ, ਉਨ੍ਹਾਂ ਦੇ ਫਲਸਫੇ ਨੂੰ ਅਸਾਂ ਨਹੀਂ ਅਪਣਾਇਆ :

ਪੰਡਿਤ ਮੁਲਾਂ ਜੋ ਲਿਖਿ ਦੀਆ।। ਛਾਡਿ ਚਲੇ ਹਮ ਕਛੂ ਨ ਲੀਆ।।

(ਉਹੀ)

**ਮੁੱਕਦੀ ਗੱਲ, ਗੁਰਮਤਿ ਫਲਸਫਾ ਇਕ ਇਨਕਲਾਬੀ ਫਲਸਫਾ ਹੈ ਜੋ ਹਿੰਦੂ, ਮੁਸਲਮਾਨ ਦੇ ਫਿਰਕੂ ਝਗੜਿਆਂ ਤੋਂ ਆਜ਼ਾਦ ਅਤੇ ਵੱਖਰਾ ਹੈ। ਇਹ ਫਲਸਫਾ ਕੇਵਲ ਪੰਜਾਬ ਜਾਂ ਹਿੰਦੁਸਤਾਨ ਦੇ ਲੋਕਾਂ ਲਈ ਰਾਖਵਾਂ ਨਹੀਂ, ਬਲਕਿ ਸਾਰੀ ਮਨੁੱਖਤਾ ਦੇ ਅਪਣਾਉਣ ਯੋਗ ਹੈ।**

(ਗੁਰਮਤਿ ਪ੍ਰਕਾਸ਼ ਵਿੱਚੋਂ ਧੰਨਵਾਦ ਸਹਿਤ)

# ਅਸੀਂ ਕਿਸੇ ਧਰਮ ਦੇ ਵੈਰੀ ਨਹੀਂ

ਅੱਜਕੱਲ੍ਹ ਹਿੰਦੂਆਂ ਦੀ ਗਰਮਪੱਖੀ ਜੱਥੇਬੰਦੀ ਆਰ.ਐਸ.ਐਸ. ਦਾ ਸਾਰਾ ਜ਼ੋਰ ਦੇਸ਼ ਦੀ ਜਨਤਾ ਵਿਚ ਇਹ ਭੁਲੇਖਾ ਪੈਦਾ ਕਰਨ 'ਚ ਲੱਗਾ ਹੋਇਆ ਹੈ ਕਿ ਸਿੱਖ ਹਿੰਦੂ ਹਨ ਅਤੇ ਖਾਲਸੇ ਦੀ ਸਾਜਨਾ ਮੁਸਲਮਾਨਾਂ ਤੋਂ ਹਿੰਦੂਆਂ ਦੀ ਰੱਖਿਆ ਖ਼ਾਤਰ ਕੀਤੀ ਗਈ ਸੀ। ਇਹ ਗੱਲ ਬੜੇ ਜ਼ੋਰ ਨਾਲ ਪ੍ਰਚਾਰੀ ਜਾ ਰਹੀ ਹੈ ਕਿ ਸਿੱਖ, ਮੁਸਲਮਾਨਾਂ ਦੇ ਜਮਾਂਦਰੂ ਵੈਰੀ ਹਨ ਅਤੇ ਸਿੱਖਾਂ ਦਾ ਜਨਮ ਹੀ ਮੁਸਲਮਾਨਾਂ ਨੂੰ ਮਾਰ ਮੁਕਾਉਣ ਲਈ ਹੋਇਆ ਹੈ।

ਇਤਿਹਾਸ ਨੂੰ ਆਪਣੇ ਸੁਆਰਥਾਂ ਲਈ ਭੰਨ-ਤੋੜ ਕੇ ਵਰਤਣਾ ਆਰ.ਐਸ.ਐਸ. ਵਰਗੀਆਂ ਨਾਂਹ-ਪੱਖੀ ਜਥੇਬੰਦੀਆਂ ਦਾ ਸਭ ਤੋਂ ਵੱਡਾ ਸ਼ੌਕ ਵੀ ਹੁੰਦਾ ਹੈ ਅਤੇ ਮਜ਼ਬੂਰੀ ਵੀ ਕਿਉਂ ਕਿ ਉਨ੍ਹਾਂ ਦੀ ਹੋਂਦ ਹੀ ਇਸੇ ਤੇ ਟਿਕੀ ਹੁੰਦੀ ਹੈ। ਆਰ.ਐਸ.ਐਸ. ਦਾ ਵਿਚਾਰਧਾਰਕ ਢਾਂਚਾ ਅਜਿਹਿਆਂ ਆਪ ਹੁਦਰੀਆਂ ਵਿਆਖਿਆਵਾਂ ਨਾਲ ਭਰਿਆ ਪਿਆ ਹੈ।

ਸਮਾਜ ਦਾ ਕੋਈ ਵਰਗ, ਧਰਮ, ਫਿਰਕਾ ਜਾਂ ਜਨ ਸਮੂਹ ਕੀ ਹੈ ਜਾਂ ਕੀ ਨਹੀਂ ਹੈ, ਇਸ ਦਾ ਫੈਸਲਾ ਵੀ ਉਹ ਆਪ ਹੀ ਕਰ ਸਕਦਾ ਹੈ। ਕਿਸੇ ਜਨ ਸਮੂਹ ਦੀ ਪਛਾਣ ਸਥਾਪਤ ਕਰਨ ਦਾ ਅਧਿਕਾਰ ਕਿਸੇ ਹੋਰ ਜਨ ਸਮੂਹ ਨੂੰ ਕਿਵੇਂ ਹੋ ਸਕਦਾ ਹੈ ? ਇਸ ਲਈ 'ਸਿੱਖ ਕੀ ਹਨ ?' ਇਹ ਦੱਸਣ ਦਾ ਅਧਿਕਾਰ ਆਰ.ਐਸ.ਐਸ. ਦਾ ਨਹੀਂ ਸਿਰਫ਼ ਸਿੱਖਾਂ ਦਾ ਹੈ। ਸਿੱਖਾਂ ਦੀ ਉਹੀ ਪਛਾਣ ਤੇ ਪਰਿਭਾਸ਼ਾ ਪ੍ਰਮਾਣਕ ਹੋ ਸਕਦੀ ਹੈ ਜੋ ਸਿੱਖ ਆਪ ਦੱਸਣ ਤੇ ਸਥਾਪਤ ਕਰਨ। ਇਹ ਸਿੱਧਾ-ਸਿੱਧਾ ਆਤਮ-ਹੋਂਦ ਸਥਾਪਤ ਕਰਨ ਦਾ ਮਾਮਲਾ ਹੈ।

ਅਸੀਂ ਨਾ ਤਾਂ ਹਿੰਦੂ ਹਾਂ ਅਤੇ ਨਾ ਮੁਸਲਮਾਨ – "ਨਾ ਹਮ ਹਿੰਦੂ, ਨਾ ਮੁਸਲਮਾਨ।।" (ਭੈਰਉ ਮ: ੫, ਪੰਨਾ ੧੧੩੬) ਅਸੀਂ ਤਾਂ ਇੱਕੋ ਅਕਾਲ-ਪੁਰਖ ਦੀ ਸੰਤਾਨ ਹਾਂ ਅਤੇ ਸਾਰੀ ਖਲਕਤ ਨੂੰ ਉਸੇ ਅਕਾਲ ਪੁਰਖ ਦੀ ਸੰਤਾਨ ਮੰਨਦੇ ਹਾਂ – "ਏਕੁ ਪਿਤਾ ਏਕਸ ਕੇ ਹਮ ਬਾਰਿਕ।।" (ਸੋਰਠਿ ਮ: ੫, ਪੰਨਾ ੬੧੧) ਅਸੀਂ ਸਿਰਫ਼ ਹਿੰਦੂਆਂ ਦੀ ਰਾਖੀ ਲਈ ਹੀ ਜਨਮ ਨਹੀਂ ਲਿਆ ਅਤੇ

ਨਾ ਹੀ ਮੁਸਲਮਾਨਾਂ ਨਾਲ ਸਾਡਾ ਕੋਈ ਜਮਾਂਦਰੂ ਵੈਰ ਹੈ। ਜੇ ਅਜਿਹਾ ਹੁੰਦਾ ਤਾਂ ਗੰਗੂ ਤੇ ਚੰਦੂ ਵਰਗੇ ਹਿੰਦੂ ਗੁਰੂਘਰ ਤੋਂ ਦ੍ਰੋਹ ਨਹੀ ਕਮਾਉਂਦੇ ਅਤੇ ਸਾਈਂ ਮੀਆਂ ਮੀਰ, ਪੀਰ ਬੁੱਧੂ ਸ਼ਾਹ ਤੇ ਗ਼ਨੀ ਖਾਂ–ਨਬੀ ਖਾਂ ਵਰਗੇ ਮੁਸਲਮਾਨ ਗੁਰੂ ਸਾਹਿਬਾਨ ਨਾਲ ਐਨਾਂ ਪਿਆਰ–ਸਤਿਕਾਰ ਨਾ ਰੱਖਦੇ। ਅਸੀਂ ਤਾਂ ਸਿਰਫ਼ ਮਜ਼ਲੂਮਾਂ ਦੇ ਮਨੁੱਖੀ ਹੱਕਾਂ ਦੀ ਖ਼ਾਤਰ ਹੀ ਸ਼ਸਤਰ ਧਾਰਣ ਕੀਤੇ ਸਨ। ਇਹ ਮਜ਼ਲੂਮ ਭਾਵੇਂ ਕਿਸੇ ਵੀ ਧਰਮ ਦੇ ਸਨ ਖ਼ਾਲਸੇ ਨੇ ਇਨ੍ਹਾਂ ਨੂੰ ਹਮੇਸ਼ਾਂ ਸਹਾਰਾ ਦਿੱਤਾ ਹੈ। ਅਸੀਂ ਕਿਸੇ ਧਰਮ ਦੇ ਅੰਨੇ ਵੈਰੀ ਨਹੀਂ :–

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ

(ਕਾਨੜ ਮ: ੫, ਪੰਨਾ ੧੨੯੯)

ਅਸੀ ਤਾਂ ਹਰ ਧਰਮ ਦਾ ਸਤਿਕਾਰ ਕਰਦੇ ਹਾਂ ਸਰਬੱਤ ਦਾ ਭਲਾ ਮੰਗਦੇ ਹਾਂ :–

"ਤੇਰੇ ਭਾਣੇ ਸਰਬੱਤ ਦਾ ਭਲਾ"

ਸਿੱਖਾਂ ਦੀ ਪਛਾਣ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਦਾ ਇਹ ਸੁੰਦਰ ਕਬਿੱਤ ਵੇਖੋ, ਜਿਸ ਵਿੱਚ, "ਸਿੱਖ ਕੌਣ ਹਨ ?" ਇਸ ਸੁਆਲ ਦਾ ਕਿੰਨਾ ਖ਼ੂਬਸੂਰਤ ਜਵਾਬ ਦਿੱਤਾ ਗਿਆ ਹੈ :–

ਮਾਨਤ ਹੈ ਏਕ ਕੋ ਅਨਾਦੀ ਔਰ ਅਨੰਤ ਨਿਤਯ,
ਤਿਸਹੀ ਤੇ ਜਾਨਤ ਹੈ ਸਰਬ ਪਸਾਰੋ ਹੈ।
ਕ੍ਰਿਤ ਕੀ ਉਪਾਸਨਾ ਨ ਕਰੈ ਕਰਤਾਰ ਤਿਆਗ,
ਏਕ ਗੁਰੂ ਗ੍ਰੰਥ ਕੀਓ ਅਪਨੋ ਆਧਾਰੋ ਹੈ।
ਜਾਤਿ ਪਾਤਿ ਭੇਦ ਭ੍ਰਮ ਮਨ ਤੇ ਮਿਟਾਯ ਕਰ,
ਸਭ ਸੇ ਸਹੋਦਰ ਸੋ ਕਰਤ ਪਯਾਰੋ ਹੈ।
ਹਿਤਕਾਰੀ ਜਗ ਕੋ, ਪੈ ਜਲ ਮਾਹਿ ਪੰਕਜ ਜਯੋਂ,
ਗੁਰਦੇਵ ਨਾਨਕ ਕੋ ਖ਼ਾਲਸਾ ਨਿਆਰੋ ਹੈ।

(ਭਾਈ ਕਾਨ੍ਹ ਸਿੰਘ ਨਾਭਾ)

ਡਾ: ਰਾਜਿੰਦਰ ਸਿੰਘ
ਸਹਿ ਸੰਪਾਦਕ 'ਸੁਚਿੰਤਨ'

# ਨਿਆਰਾ ਖਾਲਸਾ

ਸਿੱਖ ਧਰਮ 'ਸਰਬਤ ਦਾ ਭਲਾ' ਮੰਗਣ ਵਾਲਾ ਧਰਮ ਹੈ। ਸਿੱਖ ਕਦੀ ਵੀ ਆਪਣੇ ਮਨ ਵਿੱਚ ਕਿਸੇ ਦਾ ਬੁਰਾ ਨਹੀਂ ਚਿਤਵਦਾ। ਸਿੱਖ ਗੁਰਬਾਣੀ ਦੇ ਇਨ੍ਹਾਂ ਮਹਾਂਵਾਕਾਂ ਉਪਰ ਆਪਣੇ ਜੀਵਨ ਦੀ ਉਸਾਰੀ ਕਰਦਾ ਹੈ :–

–ਏਕੁ ਪਿਤਾ ਏਕਸ ਕੇ ਹਮ ਬਾਰਿਕ
ਤੂ ਮੇਰਾ ਗੁਰ ਹਾਈ।। (ਪੰਨਾ ੬੧੧)

–ਸਭੁ ਕੋ ਮੀਤੁ ਹਮ ਆਪਨ ਕੀਨਾ
ਹਮ ਸਭਨਾ ਕੇ ਸਾਜਨ।। (ਪੰਨਾ ੬੭੧)

–ਏਕੁ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ।। (ਪੰਨਾ ੧੩੪੯)

–ਤੁਮਰੀ ਕ੍ਰਿਪਾ ਤੇ ਸਭੁ ਕੋ ਅਪਨਾ
ਮਨ ਮਹਿ ਇਹੈ ਬੀਚਾਰਿਓ।।੧।।
(ਦੇਵ ਗੰਧਾਰੀ ਮਹਲਾ ੫, ੫੨੯)

–ਮੰਦਾ ਕਿਸੈ ਨ ਆਖਿ ਝਗੜਾ ਪਾਵਣਾ।।
(ਵਡਹੰਸ ਮਹਲਾ ੧, ੫੬੬)

–ਮਨ ਅਪੁਨੇ ਤੇ ਬੁਰਾ ਮਿਟਾਨਾ।।
ਪੇਖੈ ਸਗਲ ਸ੍ਰਿਸਟਿ ਸਾਜਨਾ।। (ਪੰਨਾ ੨੬੬)

ਸਿੱਖ ਧਰਮ ਦੇਸ਼ ਕਾਲ ਦੀਆਂ ਹੱਦਾਂ ਨੂੰ ਵੀ ਨਹੀਂ ਮੰਨਦਾ। ਉਸ ਵਾਸਤੇ ਤਾਂ ਸਾਰਾ ਸੰਸਾਰ, ਸਾਰੀ ਖਲਕਤ ਹੀ ਉਸ ਕਰਤਾਰ ਦੀ ਰਚਨਾ ਹੈ ਤੇ ਇਕ ਪਿਤਾ ਦੇ ਪੁੱਤਰ ਹੋਣ ਕਰਕੇ ਉਸ ਵਾਸਤੇ ਕੋਈ ਮੁਲਕ ਵਾਸੀ ਗੈਰ ਨਹੀਂ। ਸਿੱਖ ਦਾ ਤਾਂ ਨਿਸ਼ਚਾ ਹੀ ਇਹ ਹੈ :–

ਨ ਕੋ ਬੈਰੀ ਨਹੀ ਬਿਗਾਨਾ

ਸਗਲ ਸੰਗਿ ਹਮ ਕਉ ਬਨਿ ਆਈ।। (ਪੰਨਾ ੧੫੯੯)

ਇਸ ਸੰਸਾਰ ਵਿੱਚ ਰਹਿੰਦਿਆਂ ਹੋਇਆਂ, ਇੱਕ ਪਿਤਾ ਦੀ ਸੰਤਾਨ ਹੋਣ ਕਰਕੇ ਸਿੱਖ ਦੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ, ਕੋਈ ਨਫ਼ਰਤ ਨਹੀਂ। ਪਰੰਤੂ ਧਾਰਮਿਕ ਰਹੁਰੀਤਾਂ, ਸੂਰਤ, ਖਾਣ ਪਾਨ, ਇਸ਼ਟ, ਉਪਾਸ਼ਨਾ ਆਦਿ ਅਲੱਗ ਤੇ ਨਿਆਰੀਆਂ ਹੋਣ ਕਾਰਨ, ਸਿੱਖ ਦੂਸਰੀਆਂ ਕੌਮਾਂ ਮੁਸਲਮਾਨ, ਈਸਾਈ, ਯਹੂਦੀ, ਬੋਧੀ ਆਦਿ ਵਾਂਗ ਇਕ ਵੱਖਰੀ ਤੇ ਸੁਤੰਤਰ ਕੌਮ ਹੈ। ਸਿੱਖ ਧਰਮ, ਹਿੰਦੂ ਧਰਮ ਤੋਂ ਬਿਲਕੁਲ ਭਿੰਨ ਹੈ।

ਹੁਣ ਜਦੋਂ ਸਿੱਖ ਰਹੁ–ਰੀਤਾਂ, ਪੰਥਕ ਮਰਯਾਦਾ, ਪੰਥ ਦੀ ਆਜ਼ਾਦ ਹਸਤੀ ਦੇ ਵਿਚਾਰ ਮੁੜ ਬ੍ਰਹਿਮਣੀ ਧਰਮ ਦੀ ਅਮਰ ਵੇਲ ਦੇ ਹੇਠਾਂ ਅਤੇ ਹਿੰਦੂ ਪ੍ਰਭਾਵੀ ਸਾਮਰਾਜ ਦੇ ਦਬਾਅ ਕਾਰਨ, ਕਮਜ਼ੋਰ ਪੈ ਰਹੀਆਂ ਹਨ, ਤਾਂ ਖ਼ਾਲਸਾ ਪੰਥ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਆਪਣੇ ਮੂਲ ਵਿਰਸੇ ਨਾਲ ਮੁੜ ਕੇ ਜੁੜੇ ਤੇ ਨੂਰੀ ਜੀਵਨ ਦੀ ਛੋਹ–ਕਣੀ ਤੋਂ ਨਵੀਂ ਜ਼ਿੰਦਗੀ ਪ੍ਰਾਪਤ ਕਰੇ, ਇੰਝ ਬੱਲ ਧਾਰ ਕੇ ਆਪਣੇ ਜ਼ਿੰਮੇ ਪੰਥ ਦੀ ਸਿਰਜਣਾ ਵੇਲੇ ਤੋਂ ਲੱਗੀ ਸੇਵਾ ਅਤੇ ਗੁਰੂ ਸਾਹਿਬਾਨ ਦੇ ਦਿਖਾਏ ਮਾਰਗ ਤੇ ਪ੍ਰਗਟਾਏ ਲਖਸ਼ਾਂ ਦੀ ਪ੍ਰਾਪਤੀ ਵੱਲ ਤੇਜ਼ੀ ਨਾਲ ਵਧੇ। ਖ਼ਾਲਸਾ ਜੀ ਦਾ ਮਨੋਰਥ, ਆਪਣੀ ਹਸਤੀ ਕਾਇਮ ਰੱਖਦਿਆਂ ਹੋਇਆਂ ਅਧਿਆਤਮਿਕ ਤੌਰ ਤੇ :

"ਆਪਿ ਜਪੈ ਅਵਰਹ ਨਾਮੁ ਜਪਾਵੈ——।।"

(ਪੰਨਾ ੧੨੦੬)

ਹੈ ਅਤੇ ਵਿਵਹਾਰਕ ਤੌਰ ਤੇ, ਅਜਿਹੇ ਸਮਾਜ ਦੀ ਸਿਰਜਣਾ ਹੈ, ਜਿਥੇ:

"ਸਭ ਸੁਖਾਲੀ ਵੁਠੀਆ
ਇਹੁ ਹੋਆ ਹਲੇਮੀ ਰਾਜੁ ਜੀਉ।।" (੭੪)

ਵਾਲਾ ਅਮਲ ਗੁਰੂ ਸਾਹਿਬਾਨ ਜੀ ਦਾ ਆਪਣਾ ਨਿਰਧਾਰਤ ਕੀਤਾ, ਪ੍ਰਾਪਤ ਕਰਨਾ ਹੈ। ਇਨ੍ਹਾਂ ਹੀ ਉਦੇਸ਼ਾਂ ਦੀ ਪੂਰਤੀ ਲਈ, ਉਨ੍ਹਾਂ ਸੰਗਤ ਅਤੇ

'ਧਰਮ ਪੰਥ' ਦੀ ਸਾਜਣਾ ਕੀਤੀ ਸੀ। ਸਮੂੰਹ ਖਾਲਸਾ ਪੰਥ ਲਈ, ਗੁਰੂ ਸਾਹਿਬਾਨ ਦਾ ਕਾਇਮ ਕੀਤਾ ਏਹੋ ਮਨੋਰਥ ਹੈ ਤੇ ਏਹੋ ਹੀ ਅੰਤਮ ਟੀਚਾ ਹੈ, ਜਿਸ ਨੂੰ ਖ਼ਾਲਸਾ ਪੰਥ ਆਪਣਾ ਨਿਆਰਾ ਤੇ ਸ਼ੁੱਧ ਸਰੂਪ ਰੱਖ ਕੇ ਹੀ ਪੂਰਾ ਕਰਦਾ ਹੋਇਆ ਮਿਥੀਆਂ ਮੰਜ਼ਿਲਾਂ ਵੱਲ ਵੱਧ ਸਕਦਾ ਹੈ।

ਖਾਲਸਾ ਪੰਥ ਦੇ ਨਿਆਰੇ ਸਰੂਪ ਦੀ ਸਿੱਖਿਆ ਦਾ ਸਬਕ ਮੁੜ ਮੁੜ ਦੁਹਾਰਉਣਾ ਜ਼ਰੂਰੀ ਹੈ, ਤਾਂ ਜੋ ਖਾਲਸਾ ਗੁਰੂ ਕਾ ਬਣੇ ਅਤੇ ਖ਼ਾਲਸਾ ਜੀ ਉਪਰ 'ਗੁਰੂ' ਪ੍ਰਤੀਤ ਲਿਆਵੇ, ਇੰਝ ਕਰਕੇ ਖ਼ਾਲਸਾ ਗੁਰੂ ਕਾ 'ਤੇਜ਼' ਪ੍ਰਾਪਤ ਕਰਕੇ ਆਪਣੇ ਬਿਰਦ ਬਾਣੇ ਦੀ ਪੈਜ ਰੱਖਦਾ ਹੋਇਆ ਆਪਣੇ ਫ਼ਰਜ਼ ਪੂਰੇ ਕਰਨ ਦੀਆਂ ਉਚੇਰੀਆਂ ਮੰਜ਼ਿਲਾਂ ਵੱਲ ਅਗਾਂਹ ਕੁ ਤਾਂਘ ਰੱਖਦਾ ਹੋਇਆ ਨਿੱਤ ਅੱਗੇ ਵੱਧਦਾ ਚੱਲੇ।

"ਜਬ ਲਗ ਖ਼ਾਲਸਾ ਰਹੈ ਨਿਆਰਾ।।
ਤਬ ਲਗ ਤੇਜ ਦੀਓ ਮੈਂ ਸਾਰਾ।।
ਜਬ ਇਹ ਗਹੈ ਬਿਪਰਨ ਕੀ ਰੀਤਿ।।
ਮੈਂ ਨ ਕਰਉ ਇਨ ਕੀ ਪ੍ਰਤੀਤ।।"

ਅਗਿਆਨਤਾ ਕਰ ਕੇ ਖ਼ਾਲਸੇ ਨੂੰ ਹਿੰਦੂ ਅਥਵਾ ਹਿੰਦੂਆਂ ਦਾ ਹੀ ਇਕ ਫਿਰਕਾ ਖਿਆਲ ਕਰਨਾ ਇਕ ਵੱਡੀ ਭੁੱਲ ਹੈ। ਜਿਹੜੇ ਲੋਕ ਸਿੱਖਾਂ ਨੂੰ ਹਿੰਦੂਆਂ ਦਾ ਹਿੱਸਾ ਦਸਦੇ ਹਨ। ਉਹਨਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸਿੱਖ ਧਰਮ, ਹਿੰਦੂ ਧਰਮ ਤੋਂ ਭਿੰਨ ਹੈ ਇਹ ਗੱਲ ਹੇਠ ਲਿਖੇ ਗੁਰਬਾਣੀ ਪ੍ਰਮਾਣਾਂ ਤੋਂ ਭਲੀ ਭਾਂਤ ਸਪੱਸ਼ਟ ਹੋ ਜਾਂਦੀ ਹੈ :–

ਨਾ ਹਮ ਹਿੰਦੂ, ਨ ਮੁਸਲਮਾਨ।। (ਪੰਨਾ ੧੧੩੬)

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ।।
ਨਾਰਦਿ ਕਹਿਆ ਸਿ ਪੂਜ ਕਰਾਂਹੀ।।
(ਵਾਰ ਬਿਹਾਗੜਾ, ਮ: ੧, ਪੰਨਾ ੫੫੬)

ਹਮਰਾ ਝਗਰਾ ਰਹਾ ਨ ਕੋਊ।।

ਪੰਡਿਤ ਮੁਲਾਂ ਛਾਡੇ ਦੋਊ————।।
ਪੰਡਿਤ ਮੁਲਾਂ ਜੋ ਲਿਖਿ ਦੀਆ।।
ਛਾਡਿ ਚਲੇ ਹਮ ਕਛੂ ਨ ਲੀਆ।।੩।।

(ਭੈਰਉ, ਕਬੀਰ ਜੀ, ੧੧੫੮)

ਹਿੰਦੂ ਅੰਨਾ ਤੁਰਕੂ ਕਾਣਾ।।
ਦੁਹਾਂ ਤੇ ਗਿਆਨੀ ਸਿਆਣਾ।।
ਹਿੰਦੂ ਪੂਜੈ ਦੇਹੁਰਾ ਮੁਸਲਮਾਨ ਮਸੀਤਿ।।
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ।।

(ਗੌਂਡ, ਨਾਮਦੇਵ ਜੀ, ੮੭੫)

ਕਬੀਰ ਬਾਮਨੁ ਗੁਰੂ ਹੈ ਜਗਤ ਕਾ,
ਭਗਤਨ ਕਾ ਗੁਰੂ ਨਾਹਿ।।
ਅਰਝਿ ਉਰਝਿ ਕੈ ਪਚਿ ਮੂਆ,
ਚਾਰਉ ਬੇਦਹੁ ਮਾਹਿ।।

(ਸਲੋਕ ਕਬੀਰ ਜੀ, ੧੩੭੭)

ਜਾਗਤ ਜੋਤਿ ਜਪੈ ਨਿਸ ਬਾਸੁਰ,
ਏਕ ਬਿਨਾ ਮਨ ਨੈਕ ਨ ਆਨੈ।।
ਪੂਰਨ ਪ੍ਰੇਮ ਪ੍ਰਤੀਤ ਸਜੈ,
ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ।।
ਤੀਰਥ ਦਾਨ ਦਯਾ ਤਪ ਸੰਜਮ,
ਏਕ ਬਿਨਾਂ ਨਹਿ ਏਕ ਪਛਾਨੈ।।
ਪੂਰਨ ਜੋਤਿ ਜਗੈ ਘਟ ਮੈ,
ਤਬ ਖਾਲਸ ਤਾਂਹਿ ਨਖਾਲਸ ਜਾਨੈ।। (੩੩ ਸਵਯੇ)

ਸਾਡੇ ਦੇਸ਼ ਵਿੱਚ ਹਰ ਕਿਸੇ ਨੂੰ ਖੁੱਲ੍ਹ ਹੈ ਕਿ ਉਹ ਆਪਣੀ ਮਰਜ਼ੀ ਅਨੁਸਾਰ ਆਪੋ ਆਪਣੇ ਧਰਮ ਵਿੱਚ ਪ੍ਰੂਪਕ ਨਿਸ਼ਚਾ ਰੱਖੇ, ਪਰ ਕਿਸੇ ਉਤੇ ਜਬਰੀ

ਆਪਣਾ ਧਰਮ ਠੋਸਣਾ, ਇਹ ਧਾਰਮਿਕ ਅਕੀਦੇ ਦੇ ਉਲਟ ਤੇ ਗੈਰ- ਵਾਜਬ ਗੱਲ ਹੈ। ਕਈ ਹਿੰਦੂ ਸਜਣ, ਜੋ ਸਿੱਖ ਪੰਥ ਦੀ ਉਨਤੀ ਨੂੰ ਨਫਰਤ ਤੇ ਸਾੜੇ ਕੀਨੇ ਦੀਆਂ ਤੰਗ ਅੱਖਾਂ ਨਾਲ ਵੇਖ ਕੇ ਜਰ ਨਹੀਂ ਸਕਦੇ, ਉਹ ਅਕਸਰ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਸਿੱਖ ਹਿੰਦੂਆਂ ਤੋਂ ਵੱਖ ਨਹੀਂ , ਕਿਉਂਕਿ ਸਿੱਖ ਹਿੰਦੂਆਂ ਵਿੱਚੋਂ ਨਿਕਲੇ ਹਨ, ਹਿੰਦੂਆਂ ਨਾਲ ਖਾਨ-ਪਾਨ ਹੈ, ਹਿੰਦੂਆਂ ਨਾਲ ਸਾਕ ਨਾਤੇ ਹਨ ਅਤੇ ਹਿੰਦੁਸਤਾਨ ਦੇ ਵਸਨੀਕ ਹਨ, ਤਾਂ ਫਿਰ ਸਿੱਖ ਹਿੰਦੂਆਂ ਤੋਂ ਭਿੰਨ ਇਕ ਵੱਖਰੀ ਕੌਮ ਕਿਵੇਂ ਹੋ ਸਕਦੇ ਹਨ ?

ਇਸ ਦਾ ਉੱਤਰ ਇਹ ਹੈ ਕਿ ਸਿੱਖਾਂ ਨੂੰ ਉਚੇਚੇ ਤੌਰ ਤੇ ਆਪਣੇ ਆਪ ਨੂੰ ਵੱਖਰਾ ਤੇ ਭਿੰਨ ਕਹਿਣ ਦੀ ਲੋੜ ਇਸ ਉਪਰੋਕਤ ਕਿਸਮ ਦੀ ਹਿੰਦੂ ਸ਼ਰੇਣੀ ਵਾਲੇ ਸੱਜਣਾਂ ਕਰਕੇ ਹੀ ਪੈਂਦੀ ਹੈ।

ਸਿੱਖ ਦਾ ਹਿੰਦੂ ਮੱਤ ਤੋਂ ਨਿਆਰੇ ਹੋਣ ਦਾ ਸਬੂਤ, ਗੁਰਬਾਣੀ ਦੇ ਪ੍ਰਮਾਣਾਂ ਦੁਆਰਾ ਉਪਰ ਦੱਸਿਆ ਜਾ ਚੁੱਕਾ ਹੈ। ਜੋ ਸਿੱਖਾਂ ਨੂੰ ਇਸ ਕਰਕੇ ਹਿੰਦੂ ਸਮਝਦੇ ਹਨ, ਕਿ ਸਿੱਖ ਹਿੰਦੂਆਂ ਵਿੱਚੋਂ ਨਿਕਲੇ ਹਨ, ਇਹ ਉਹਨਾਂ ਦੀ ਭੁੱਲ ਹੈ। ਕੀ ਈਸਾਈਆਂ ਨੂੰ ਜੋ ਯਹੂਦੀਆਂ (Jews) ਵਿੱਚੋਂ ਨਿਕਲੇ ਹਨ, ਮੁਸਲਮਾਨਾਂ ਨੂੰ ਜੋ ਕੁਰੇਸ਼ੀ ਈਸਾਈ (Colly Ridiens) ਅਤੇ ਯਹੂਦੀ ਆਦਿਕਾਂ ਵਿੱਚੋਂ ਨਿਕਲੇ ਹਨ, ਯਹੂਦੀ ਕਿਹਾ ਜਾਂਦਾ ਹੈ ਅਤੇ ਖਾਸ ਕਰਕੇ ਜੋ ਹਿੰਦੁਸਤਾਨੀ ਹਿੰਦੂਆਂ ਵਿੱਚੋਂ ਨਿਕਲੇ ਈਸਾਈ ਅਤੇ ਮੁਸਲਮਾਨ ਬਣੇ ਹਨ, ਕੀ ਉਹਨਾਂ ਨੂੰ ਹਿੰਦੂ ਕਿਹਾ ਜਾ ਸਕਦਾ ਹੈ ਜਾਂ ਐਸੇ ਬਣੇ ਈਸਾਈ ਤੇ ਮੁਸਲਮਾਨ ਕੀ ਆਪਣੇ ਆਪ ਨੂੰ ਹਿੰਦੂ ਅਖਵਾਉਣ ਲਈ ਤਿਆਰ ਹੋਣਗੇ ?

ਜੇ ਖਾਨ ਪਾਨ ਦੇ ਲਿਹਾਜ਼ ਕਰਕੇ ਸਿੱਖਾਂ ਨੂੰ ਹਿੰਦੂ ਮੰਨਿਆ ਜਾਣਾ ਹੈ ਤਾਂ ਯਹੂਦੀ, ਈਸਾਈ, ਮੁਸਲਮਾਨ, ਬੋਧੀ ਅਤੇ ਪਾਰਸੀ ਆਦਿਕਾਂ ਦਾ ਭੀ ਖਾਨ-ਪਾਨ ਇਕੱਠਾ ਹੁੰਦਾ ਹੈ ਕਿ ਸਿਰਫ ਇਸ ਕਰਕੇ ਇਹ ਸਾਰੇ ਮਜ਼ਹਬੀ ਰੀਤੀ ਅਨੁਸਾਰ ਇਕ ਕਹੇ ਜਾ ਸਕਦੇ ਹਨ।

ਜਿੱਥੋਂ ਤੱਕ ਰਿਸ਼ਤੇ-ਨਾਤੇ ਕਰਨ ਦਾ ਸੁਆਲ ਹੈ ਉਸੇ ਵਾਸਤੇ ਸਿੱਖ-

ਧਰਮ ਦੀ ਸਿੱਖਾਂ ਨੂੰ ਆਗਿਆ ਹੈ ਕਿ :–

ਨਾਤਾ ਗੁਰੂ ਕੇ ਸਿੱਖ ਨਾਲ ਕਰੇ,

(ਰਹਿਤਨਾਮਾ ਭਾਈ ਚੌਪਾ ਸਿੰਘ)

ਕੰਨਯਾ ਕੋ ਮਾਰੇ, ਮੋਨੇ ਕੇ ਕੰਨਯਾ ਦੇਵੇ ਸੋ ਤਨਖਾਹੀਆ।।

ਸਿੱਖ ਕੋ ਪੁਤ੍ਰੀ ਦਈ ਸੁਧਾ ਸੁਧਾ ਮਿਲ ਜਾਇ।।

(ਰਹਿਤਨਾਮਾ ਭਾਈ ਦੇਸਾ ਸਿੰਘ)

ਭਾਵ :– ਭਾਵ ਇਹ ਹੈ ਕਿ ਇਸ਼ਟ ਇਕ ਨਾ ਹੋਣ ਕਰਕੇ ਪਤੀ ਅਤੇ ਇਸਤਰੀ ਦਾ ਪਰਸਪਰ ਪੂਰਨ ਪ੍ਰੇਮ ਨਹੀਂ ਹੁੰਦਾ, ਜੋ ਗ੍ਰਹਿਸਤ ਦੇ ਨਿਰਬਾਹ ਵਿਚ ਮਹਾਂ ਵਿਘਨਕਾਰੀ ਹੈ ਅਤੇ ਅਸਿੱਖ, ਸਿੱਖ ਕੰਨਿਆਂ ਨੂੰ ਭੀ ਸਿੱਖ ਧਰਮ ਤੋਂ ਪਤਿਤ ਕਰ ਦਿੰਦਾ ਹੈ।

ਸਿੱਖ ਦੀ ਪੁੱਤਰੀ ਦਾ ਸੰਜੋਗ ਐਸੀ ਕੁਲ ਵਿਖੇ

ਕਰੇ ਜਿਥੇ ਸਿੱਖੀ ਅਕਾਲ–ਪੁਰਖ ਦੀ ਹੋਵੇ। (ਪ੍ਰੇਮ ਸੁਮਾਰਗ)

ਕੰਨਿਆ ਦੇਵੈ ਸਿਖ ਕੋ ਲੇਵੈ ਨਹਿ ਕੁਛ ਦਾਮ।।

ਸੋਈ ਮੇਰਾ ਸਿੱਖ ਹੈ ਪਹੁੰਚੇਗੋ ਮਮ ਧਾਮ।।

(ਗੁਰਪ੍ਰਤਾਪ ਸੂਰਯ)

ਜੇ ਹਿੰਦੁਸਤਾਨ ਵਿੱਚ ਰਹਿਣ ਕਾਰਨ ਸਿੱਖਾਂ ਨੂੰ ਹਿੰਦੂ ਸਮਝਿਆ ਜਾਣਾ ਹੈ ਤਾਂ ਈਸਾਈ ਮੁਸਲਮਾਨ ਜੋ ਇਸੇ ਦੇਸ਼ ਵਿਚ ਰਹਿੰਦੇ ਹਨ, ਨੂੰ ਹਿੰਦੂ ਕਿਉਂ ਨਹੀਂ ਸਮਝਿਆ ਜਾਂਦਾ ?

ਖ਼ਾਲਸਾ ਪੰਥ ਦੇ ਨਿਆਰੇ ਤੇ ਸੁਤੰਤਰ ਅਸੂਲ ਇਸ ਗੱਲ ਦੇ ਪ੍ਰਤੀਕ ਹਨ ਕਿ ਸਿੱਖ ਕੌਮ ਇਕ ਵੱਖਰੀ ਕੌਮ ਹੈ ਤੇ ਸਿੱਖ ਦਾ ਧਰਮ, ਇਸ਼ਟ ਉਪਸ਼ਨਾ, ਖਾਣ–ਪੀਣ ਇਕ ਵੱਖਰੀ ਕੌਮ ਦੇ ਤੌਰ ਤੇ ਹੈ। ਮੌਜੂਦਾ ਸਮੇਂ ਦੇ ਬੇਤੁੱਕੇ ਪ੍ਰਚਾਰ ਤੋਂ ਸਾਵਧਾਨ ਹੋ ਕੇ ਸਾਨੂੰ ਆਪਣੀ ਨਿਆਰੀ ਹਸਤੀ ਕਾਇਮ ਰੱਖਦਿਆਂ ਆਪਣੇ ਸੁਨਹਿਰੀ ਅਸੂਲਾਂ ਨੂੰ ਸੰਸਾਰ ਤੱਕ ਪਹੁੰਚਾਣ ਦੀ ਲੋੜ ਹੈ।

*(ਸਿੱਖ ਫੁਲਵਾੜੀ ਚੋਂ ਧੰਨਵਾਦ ਸਹਿਤ)*

# ਸਿੱਖ ਦਾ ਸ਼ੁੱਧ ਸਰੂਪ ਭਾਰਤ ਲਈ ਲਾਹੇਵੰਦ

ਖ਼ਾਲਸੇ ਦੀ ਸਾਜਨਾ ਭਾਰਤ ਵਿਚ ਇਕ ਨਰੋਏ ਪ੍ਰੀਵਰਤਨ ਲੈ ਆਣ ਦੀ ਜ਼ਿੰਮੇਵਾਰ ਹੈ। ਖ਼ਾਲਸੇ ਦੇ ਚਿੰਨ੍ਹਾਂ ਨੇ ਜੋ ਵਿਗਿਆਨਕ ਤਬਦੀਲੀ ਸਿੱਘਾਂ ਵਿਚ ਲੈ ਆਂਦੀ, ਉਸ ਦਾ ਸਿੱਟਾ ਨਿਡਰਤਾ ਅਤੇ ਬੇਖੌਫ਼ੀ ਸੀ, ਜਿਸ ਦੇ ਬਲ ਬੋਤੇ ਇਕ ਸਿੱਖ ਸਵਾ ਲੱਖ ਤੇ ਭਾਰੂ ਬਣ ਗਿਆ। ਨਿਰਸੰਦੇਹ : ਸਾਹਿਬਾਂ ਨੇ ਚਿੜੀਆਂ ਤੋਂ ਬਾਜ ਤੁੜਾਏ ਅਤੇ ਪੰਜ ਕਕਾਰ ਬਖ਼ਸ਼ੇ ਇਹਨਾਂ ਨੂੰ ਤਿਆਗ ਕੇ ਪਤਿਤ ਹੋਇਆ ਵਿਅਕਤੀ ਟੀਸੀ ਤੋਂ ਡਿੱਗ ਕੇ ਖੱਡ ਵਿਚ ਡਿੱਗਣ ਦੇ ਸਮਾਨ ਹੈ।

ਨੌਜਵਾਨਾਂ ਨੂੰ ਨਾਸਤਕਤਾ ਦੀ ਲਹਿਰ ਆਪਣੀ ਲਪੇਟ ਵਿੱਚ ਲੈ ਰਹੀ ਹੈ, ਪਰ ਵੱਡਾ ਕਾਰਨ ਨੌਜਵਾਨਾਂ ਦਾ ਗੁਰਬਾਣੀ ਅਤੇ ਸਿੱਖ ਇਤਿਹਾਸ ਤੋਂ ਨਾ-ਜਾਣੂ ਹੋਣਾ ਹੈ। ਚੇਤੇ ਰੱਖੋ, ਸਿੰਘਾਂ ਦਾ ਪੂਰੇ ਸੂਰੇ ਰੂਪ ਵਿੱਚ ਰਹਿਣਾ ਭਾਰਤ ਨੂੰ ਹਰ ਪੱਖੋਂ ਲਾਹੇਵੰਦ ਹੈ। ਇਹ ਹੀ ਕਾਰਨ ਸੀ ਕਿ ਅੰਗਰੇਜ਼ ਦੇ ਸਮੇਂ ਹਰ ਇਕ ਸਿੱਖ ਫੌਜੀ ਲਈ ਅੰਮ੍ਰਿਤ ਛਕਣਾ ਕਾਨੂੰਨੀ ਜ਼ਰੂਰੀ ਸੀ। ਜਦ ਕੋਈ ਸਿੱਖ ਜਵਾਨ ਜਾਂ ਅਫਸਰ ਕਕਾਰਾਂ ਦੀ ਬੇਅਦਬੀ ਕਰਦਾ ਸੀ ਤਾਂ ਉਸ ਦਾ ਕੋਰਟ ਮਾਰਸ਼ਲ ਕੀਤਾ ਜਾਂਦਾ ਸੀ। ਅੰਗਰੇਜ਼ ਇਹ ਮਹਿਸੂਸ ਕਰਦਾ ਸੀ ਕਿ ਧਾਰਮਿਕ ਡਿਸਿਪਲਨ ਵਿਅਕਤੀ ਨੂੰ ਉਚਾ, ਸੁੱਚਾ, ਦਲੇਰ ਅਤੇ ਵਫ਼ਾਦਾਰ ਬਨਾਣ ਵਿਚ ਸਹਾਈ ਹੁੰਦਾ ਹੈ। ਜੋ ਧਰਮ ਵਿਚ ਕੱਚਾ ਹੈ, ਉਹ ਮਨ ਅਤੇ ਬਚਨ ਦਾ ਕੱਚਾ ਹੁੰਦਾ ਹੈ। ਬੇਖੌਫ਼ੀ ਕੇਵਲ ਆਪਣੇ ਆਪ ਨੂੰ ਗੁਰੂ ਦੇ ਸਮਰਪਣ ਕਰਨ ਨਾਲ ਆਉਂਦੀ ਹੈ। ਜਿਸ ਨੂੰ ਅਕਾਲ ਪੁਰਖ ਤੇ ਵਿਸ਼ਵਾਸ ਹੈ, ਉਹ ਦੁਨੀਆਂ ਦੀ ਸਾਰੀ ਤਾਕਤ ਨੂੰ ਹੇਚ ਸਮਝਦਾ ਹੈ।

ਸਾਡੇ ਸਿੱਖ ਨੌਜਵਾਨ ਕਕਾਰਾਂ ਦੀ ਗੌਰਵਤਾ ਕਾਇਮ ਰੱਖਕੇ ਭਾਰਤ ਵਿਚ ਈਮਾਨਦਾਰੀ ਅਤੇ ਦੇਸ਼ ਦੀ ਉਨੱਤੀ ਦਾ ਨਵਾਂ ਅਧਿਆਇ ਅਰੰਭ ਸਕਦੇ ਹਨ।

(ਡਾ: ਤਾਰਨ ਸਿੰਘ)

# ਕੀ 'ਰਾਸ਼ਟਰੀਯ' ਸਿੱਖ ਸੰਗਤ, ਸਿੱਖ ਸੋਚ, ਸਿਧਾਂਤ ਤੇ ਮਰਯਾਦਾ ਦੀ ਹਿਤੈਸ਼ੀ ਹੈ ?

ਰਾਸ਼ਟਰੀਯ ਸਿੱਖ ਸੰਗਤ ਜੋ ਸੰਖੇਪ ਵਿੱਚ 'ਆਰ.ਐਸ.ਐਸ' ਹੈ, ਬਾਰੇ 'ਸਿੱਖ' ਜਗਤ ਵਿੱਚ ਗੰਭੀਰ ਚਰਚਾ ਹੈ। ਚਰਚਾ ਕਰਨ ਵਾਲਿਆਂ 'ਚੋਂ ਵਿਚਾਰਵਾਨ ਤੇ ਸਿਆਸੀ ਸੋਚ ਵਾਲੇ ਸਿੱਖ ਸ਼ਾਮਲ ਹਨ। ਜਿਵੇਂ ਜਿਵੇਂ ਇਹ ਚਰਚਾ ਆਮ ਸਿੱਖਾਂ ਤੱਕ ਪੁੱਜ ਰਹੀ ਹੈ, ਤਿਵੇਂ ਤਿਵੇਂ ਰਾਸ਼ਟਰੀ ਸਿੱਖ ਸੰਗਤ ਬਾਰੇ ਤੇ ਇਸ ਦੀਆਂ ਗਤੀਵਿਧੀਆਂ ਬਾਰੇ ਜਾਣਨ ਦੀ ਉਤਸੁਕਤਾ ਵਧ ਰਹੀ ਹੈ। ਕੀ ਇਹ ਸੰਸਥਾ ਵਾਕਿਆ ਹੀ ਸਿੱਖ ਕੌਮ ਦੀਆਂ ਬੁਨਿਆਦੀ ਮਾਨਤਾਵਾਂ ਪ੍ਰਤੀ ਸੁਹਿਰਦ ਹੈ ਜਾਂ ਇਹ ਆਪਣੇ ਕਿਸੇ ਲੁਕਵੇਂ ਮਨਸੂਬੇ ਅਧੀਨ ਸਿੱਖੀ ਵਿਸ਼ਵਾਸ ਨੂੰ ਗੁਮਰਾਹ ਕਰਕੇ ਸਿੱਖ ਕੌਮ ਨੂੰ ਨੁਕਸਾਨ ਪਹੁੰਚਾਉਣ ਵਾਸਤੇ ਖੜੀ ਕੀਤੀ ਹੈ ? ਉਪਰੋਕਤ ਸ਼ੰਕਿਆਂ ਦੀ ਨਵਿਰਤੀ ਲਈ ਭਾਵੇਂ ਵਿਸਥਾਰ ਨਾਲ ਵੀਚਾਰ ਕਰਨ ਦੀ ਲੋੜ ਹੈ ਮਗਰ ਏਥੇ ਸੰਖੇਪ ਵਿਚ ਚਰਚਾ ਕੀਤੀ ਜਾਵੇਗੀ।

ਇਹ ਗੱਲ ਬੜੀ ਸਪੱਸ਼ਟ ਹੈ ਕਿ 'ਆਰ.ਐਸ.ਐਸ' ਨਾਂ ਦੀ ਸੰਸਥਾ ਕੱਟੜ ਹਿੰਦੂ–ਵਾਦ ਹਿਮੈਤੀਆਂ ਵੱਲੋਂ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਬਣਾਈ ਹੋਈ ਸੀ। ਜਿਸ ਦਾ ਪੂਰਾ ਨਾਮ 'ਰਾਸ਼ਟਰੀਯ ਸੋਇਮ ਸੰਘ' ਹੈ। ਬਾਕੀ ਇਸ ਸੰਸਥਾ ਦੇ ਨਿਸ਼ਾਨੇ ਕੀ ਹਨ, ਇਹ ਤਾਂ ਇਸ ਦੇ ਸੰਵਿਧਾਨ ਪੜ੍ਹਿਆਂ ਸਮਝ ਆਵੇਗੀ ? ਮਗਰ ਇਕ ਨਿਸ਼ਾਨਾ ਇਸ ਦਾ ਸਪੱਸ਼ਟ ਹੈ ਕਿ ਭਾਰਤ ਰਾਜ ਪ੍ਰਬੰਧ ਨੂੰ ਹਿੰਦੂਤਵ ਦੀ ਸੋਚ ਅਧੀਨ ਲਿਆਂਦਾ ਜਾਵੇ। ਭਾਰਤ ਦੀਆਂ ਘੱਟ–ਗਿਣਤੀਆਂ ਨੂੰ ਆਪਣੀ ਮਜ਼ਹਬੀ ਆਜ਼ਾਦੀ ਦਾ ਅਹਿਸਾਸ ਨਾ ਹੋਣ ਦਿੱਤਾ ਜਾਵੇ। ਜਿਵੇਂ ਕਿਵੇਂ ਉਨ੍ਹਾਂ ਨੂ ਹਿੰਦੂਤਵ ਦੇ ਪ੍ਰਭਾਵ ਹੇਠ ਲਿਆਂਦਾ ਜਾਵੇ। ਇਹ ਸੱਚ ਹੈ, ਹਰ ਮਜ਼ਹਬ ਦੀ ਕੋਈ ਮਰਯਾਦਾ ਹੈ, ਧਾਰਮਿਕ ਅਸੂਲ ਹਨ। ਉਨ੍ਹਾਂ ਦੇ ਨਾਲੋਂ

ਬਿਲਕੁਲ ਨਿਰਮਲ ਤੇ ਨਿਆਰੇ ਅਸੂਲ ਸਿੱਖ ਕੌਮ ਨੂੰ ਗੁਰੂ ਸਾਹਿਬ ਜੀ ਵੱਲੋਂ ਬਖ਼ਸ਼ੇ ਗਏ ਹਨ। ਸਿੱਖ ਕੌਮ ਦਾ ਪ੍ਰਭੂ ਵਿਸ਼ਵਾਸ, ਕੌਮੀ ਸੋਚ, ਸਿਧਾਂਤ ਤੇ ਮਰਯਾਦਾ ਕਿਸੇ ਦੂਜੇ ਮਜ਼੍ਹਬ ਦੀ ਨਾ ਤਾਂ ਨਕਲ ਹੈ ਨਾ ਦੂਜਿਆਂ ਨਾਲ ਰਲਦੇ ਹਨ। ਇਹ ਵਿਲੱਖਣਤਾ ਹੀ ਸਿੱਖ ਕੌਮ ਨੂੰ ਵੱਖਰੀ ਕੌਮੀਅਤ ਦਿੰਦੀ ਹੈ ਤੇ ਪੂਰਾ ਸਿੱਖ ਸੰਸਾਰ ਇਸ 'ਤੇ ਰਜਵਾਂ ਮਾਣ ਕਰਦਾ ਹੈ। ਆਰ. ਐਸ. ਐਸ. ਜੋ ਰਾਸ਼ਟਰੀਯ ਸੋਇਮ ਸੇਵਕ ਸੰਘ ਦਾ ਵਿਧੀਵਤ ਸਰੂਪ ਹੈ, ਜੋ ਪੂਰੇ ਭਾਰਤ ਵਿੱਚ ਫੈਲਿਆ ਹੋਇਆ ਹੈ। ਜਿਥੇ ਇਸ ਦੇ ਵਰਕਰ ਹਰ ਰੋਜ਼ ਨਿਸ਼ਚਿਤ ਪਰੇਡ ਵਿੱਚ ਸ਼ਾਮਲ ਹੁੰਦੇ ਹਨ, ਉਥੇ ਨਿਯਤ ਵਰਦੀਆਂ ਪਾ ਕੇ ਸੰਘ ਦੀ ਮਰਯਾਦਾ ਤੇ ਉਦੇਸ਼ ਸਮਝਾਏ ਜਾਂਦੇ ਹਨ, ਇਸ ਨੂੰ 'ਸ਼ਾਖਾ ਲਾਉਣੀ' ਕਹਿੰਦੇ ਹਨ। ਇਸ ਆਰ.ਐਸ.ਐਸ. ਦੀਆਂ ਹੋਰ ਵੀ ਸ਼ਾਖਾਂਵਾਂ ਹਨ, ਜਿਨ੍ਹਾਂ ਦਾ ਸਬੰਧ ਰਾਜਨੀਤੀ, ਸਮਾਜਿਕ ਤੇ ਧਾਰਮਿਕ ਆਦਿ ਪੱਖਾਂ ਨਾਲ ਹੈ। ਭਾਰਤੀ ਜਨਤਾ ਪਾਰਟੀ ਇਸ ਸੰਸਥਾ ਦਾ (ਆਰ.ਐਸ.ਐਸ.) ਦਾ ਰਾਜਸੀ ਭਾਗ ਹੈ। ਕੱਟੜ ਹਿੰਦੂਤਵ ਦੀ ਵਾਰਸ ਇਸ ਜਥੇਬੰਦੀ ਨੇ ਬਾਹਰੀ ਤੌਰ 'ਤੇ ਇਹ ਪ੍ਰਭਾਵ ਦੇਣ ਲਈ ਕਿ ਅਸੀ ਸਿੱਖ ਕੌਮ ਦੇ ਬੜੇ ਹਿਮਾਇਤੀ ਹਾਂ, ਆਪਣੀ ਇਕ ਸ਼ਾਖਾ ਰਾਸ਼ਟਰੀਯ ਸਿਖ ਸੰਗਤ ਦੇ ਨਾਂ 'ਤੇ ਪਿਛਲੇ ਕਈ ਸਾਲਾਂ ਤੋਂ ਖੋਲ੍ਹੀ ਹੈ, ਇਸ ਵਿੱਚ ਅਮੀਰ ਮਨੁੱਖ ਜੋ ਸਿੱਖੀ ਅਸੂਲਾਂ ਨੂੰ ਮੂਲ ਰੂਪ ਵਿੱਚ ਸਮਝਣ ਤੋਂ ਅਸਮਰੱਥ ਹਨ, ਉਨ੍ਹਾਂ ਨੂੰ ਇਸ ਦੀਆਂ ਵੱਖ ਵੱਖ ਇਕਾਈਆਂ ਦੇ ਪੂਰੇ ਭਾਰਤ ਵਿੱਚ ਮੁਖੀ ਬਣਾ ਕੇ ਅਤੇ ਹੋਰ ਮਰਯਾਦਾ ਪੱਖੋਂ ਢਿਲੜ ਸਿੱਖਾਂ ਨੂੰ ਨਾਲ ਜੋੜਿਆ ਜਾ ਰਿਹਾ ਹੈ। ਉਨ੍ਹਾਂ ਅੰਦਰ ਇਹ ਵਿਸ਼ਵਾਸ ਤੇ ਅਹਿਸਾਸ ਪੈਦਾ ਕਰਦੇ ਹਨ ਕਿ ਅਸੀ ਸਿੱਖੀ ਦਾ ਪ੍ਰਚਾਰ ਕਰਨਾ ਚਾਹੁੰਦੇ ਹਾਂ, ਕਿਉਂ ਕਿ ਗੁਰੂ ਤੇਗ਼ ਬਹਾਦਰ ਜੀ ਨੇ ਸਾਡੇ ਲਈ ਕੁਰਬਾਨੀ ਦਿੱਤੀ ਸੀ। ਭੋਲੇ ਤੇ ਪਿੱਛਲਗ ਕਿਸਮ ਦੇ ਸਿਖ ਕਹਾਉਣ ਵਾਲੇ ਮਨੁੱਖ ਇਨ੍ਹਾਂ ਦੇ ਪ੍ਰਭਾਵ ਹੇਠ ਆ ਜਾਂਦੇ ਹਨ।

ਇੱਥੋਂ ਤੱਕ ਅਸੀ ਆਰ.ਐਸ.ਐਸ ਜੋ ਦੋ ਨਾਵਾਂ ਵਾਲੀ ਸੰਸਥਾ ਹੈ,

ਇਕ ਰਾਸ਼ਟਰੀਯ ਸੋਇਮ ਸੇਵਕ ਸੰਘ ਤੇ ਦੂਜੀ ਰਾਸ਼ਟਰੀ ਸਿੱਖ ਸੰਗਤ ਬਾਰੇ ਸੰਖੇਪ ਵਿਚ ਜਾਣਿਆ ਹੈ। ਪਿਛਲੇ ਦਿਨਾਂ 'ਚ ਇਕ ਬੜੀ ਸਨਸਨੀਖੇਜ਼ ਖ਼ਬਰ ਰੋਜ਼ਾਨਾ ਅਜੀਤ ਵਿੱਚ ਛਪੀ ਸੀ, ਜਿਸ ਨੇ ਸਿੱਖ ਕੌਮ ਦੇ ਦਰਦੀਆਂ ਦੇ ਰੌਂਗਟੇ ਖੜੇ ਕਰ ਦਿੱਤੇ ਸਨ ਕਿ ਇਸ ਸੰਸਥਾ ਦੇ ਆਗੂ 'ਸਿੱਖ ਕੌਮ' ਦੀਆਂ ਅਹਿਮ ਅੰਗ ਕਹਾਉਣ ਵਾਲੀਆਂ ਸੰਸਥਾਵਾਂ ਦੇ ਆਗੂਆਂ ਨਾਲ ਗੁਪਤ ਮੀਟਿੰਗਾਂ ਕਰਦੇ ਹਨ, ਇਸ ਦੇ ਵਲੰਟੀਆਰ 'ਸਿੱਖੀ ਮਰਯਾਦਾ' ਦੀ ਜਾਣਕਾਰੀ ਕੁਝ ਵਿਸ਼ੇਸ਼ ਥਾਵਾਂ 'ਤੇ ਲੈ ਰਹੇ ਹਨ। ਇਥੇ ਹੀ ਬਸ ਨਹੀਂ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਬਾਰੇ ਵੀ ਚਰਚਾ ਹੈ, ਉਨ੍ਹਾਂ ਨਾਲ ਵੀ ਇਸ ਸੰਸਥਾ ਦੇ ਨੇੜਲੇ ਸੰਬੰਧ ਹਨ। ਗੜ੍ਹੇ ਵਾਲੇ ਕਸ਼ਮੀਰਾ ਸਿੰਘ ਜੀ ਦਾ ਇਸ ਸੰਸਥਾ ਨਾਲ ਖ਼ਾਸਲ-ਖ਼ਾਸ ਸੰਬੰਧ ਆਮ ਸੁਣਨ ਵਿਚ ਆਇਆ ਹੈ। ਜੇਕਰ ਆਪ ਜੀ ਨੂੰ ਚੇਤੇ ਹੋਵੇ, ਇਸ ਸੰਸਥਾ ਨੇ ਆਪਣੇ ਪੈਰ ਪੰਜਾਬ (ਸਿਖ ਵਸੋਂ) ਵਿੱਚ ਪੱਕੇ ਕਰਨ ਲਈ ਪ੍ਰਚਾਰ ਯੋਜਨਾ ਦੀ ਲੜੀ ਵਜੋਂ ਇਕ ਧਾਰਮਿਕ ਪ੍ਰੀਖਿਆ ਦੇ ਨਾਂ 'ਤੇ ਸਕੂਲਾਂ ਵਿੱਚ ਸਰਗਰਮੀ ਕੀਤੀ ਹੈ, ਜਿਸ ਵਿਚ ਹੋਰ ਸਵਾਲਾਂ ਦੇ ਨਾਲ ਨਾਲ ਇਹ ਸਵਾਲ ਵੀ ਬੱਚਿਆਂ ਨੂੰ ਪੁੱਛੇ ਗਏ- ਆਰ.ਐਸ.ਐਸ. ਦੀ ਸਥਾਪਨਾ ਕਦੋਂ ਹੋਈ ? ਹਿੰਦੂ ਧਰਮ ਦੀ ਰਾਖੀ ਲਈ ਕਿਹੜੇ ਗੁਰੂ ਨੇ ਬਲੀਦਾਨ ਦਿੱਤਾ ? ਭਾਈ ਮਰਦਾਨਾ ਕਿਸ ਜਾਤ ਦੇ ਸਨ ? ਕਿਹੜੇ ਸਿੱਖ ਗੁਰੂ ਲਵ ਕੁਸ਼ ਦੇ ਵੰਸ਼ ਵਿੱਚੋਂ ਸਨ ਅਤੇ ਸੋਢੀ ਸਨ ? ਕਿਹੜੇ ਪਠਾਣਾਂ ਨੇ ਗੁਰੂ ਗੋਬਿੰਦ ਸਿੰਘ ਨੂੰ ਛੁਰਾ ਮਾਰਿਆ ਸੀ ? ਕਿਹੜੇ ਗੁਰੂ ਨੇ ਰਾਮ ਜਨਮ ਭੂਮੀ ਨੂੰ ਆਜ਼ਾਦ ਕਰਵਾਉਣ ਲਈ ਫ਼ੌਜਾਂ ਭੇਜੀਆਂ ਸਨ ?

ਇਸ ਬਾਰੇ ਸਪੱਸ਼ਟ ਹੈ ਇਹ ਸੰਸਥਾ ਸਿੱਖ ਸਿਧਾਂਤਾਂ ਬਾਰੇ ਭੁਲੇਖਾ ਪਾਉਣ ਲਈ ਖੜੀ ਕੀਤੀ ਹੈ। ਇਸ ਦਾ ਇੱਥੋਂ ਤੱਕ ਵੀ ਪ੍ਰਚਾਰ ਹੈ ਕਿ ਸਿੱਖ ਕੌਮ ਵੱਖਰੀ ਨਹੀਂ ਹੈ, ਇਹ ਵੀ ਹਿੰਦੂ ਹੀ ਹਨ, 'ਬਾਣੀ' 'ਵੇਦਾਂ' 'ਚੋਂ ਨਿਕਲੀ ਹੈ, ਇਹ ਵੀ 'ਵੇਦ' (ਹਿੰਦੂ ਧਰਮ ਗ੍ਰੰਥ) ਗਿਆਨ ਹੈ। ਇਸ ਸਾਜ਼ਸ਼ ਦਾ

ਪਿਛੋਕੜ ਬਹੁਤ ਦੂਰ ਹੈ। ਸਿੱਖ ਕੌਮ ਨੂੰ ਸੁਚੇਤ ਹੋਣਾ ਚਾਹੀਦਾ ਹੈ ਕਿ ਇਹ ਸੰਸਥਾ ਸਾਨੂੰ ਕੌਮੀ ਤੌਰ 'ਤੇ ਢਾਹ ਲਾਉਣ ਲਈ ਖੜੀ ਕੀਤੀ ਹੈ। ਇਹ ਸਿੱਖ ਸਿਧਾਂਤ ਤੇ ਮਰਯਾਦਾ ਨੂੰ ਨੁਕਸਾਨ ਪਹੁੰਚਾਉਣ ਲਈ ਹੈ। ਇਸ ਸੰਸਥਾ ਨੂੰ ਸਿੱਖ ਕੌਮ ਵੱਲੋਂ ਮਾਨਤਾ ਨਾ ਦਿੱਤੀ ਗਈ ਹੈ ਅਤੇ ਨਾ ਦਿੱਤੀ ਜਾ ਸਕਦੀ ਹੈ।

ਪੰਜਾਬੋਂ ਬਾਹਰ ਇਹ ਸੰਸਥਾ ਕਾਫ਼ੀ ਸਮੇਂ ਤੋਂ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੂੰ ਪ੍ਰਭਾਵਿਤ ਕਰਕੇ ਉਥੋਂ ਦੀ ਸਟੇਜ ਨੂੰ ਵਰਤ ਰਹੀ ਹੈ, ਕੁਝ ਇਕ ਥਾਵਾਂ 'ਤੇ ਗੁਰਮਤਿ ਸਿਧਾਂਤ ਪੱਖੋਂ ਚੇਤੰਨ ਪ੍ਰਬੰਧਕੀ ਸੰਸਥਾਵਾਂ ਵੱਲੋਂ ਇਸ ਦੀਆਂ ਗੁਰਮਤਿ ਵਿਰੋਧੀ ਗਤੀਵਿਧੀਆਂ ਜਾਣਦਿਆਂ ਵਿਰੋਧ ਵੀ ਕੀਤਾ ਹੈ। 1995 ਵਿੱਚ ਬੰਬਈ ਦੀਆਂ ਸਿੱਖ ਸੰਗਤਾਂ ਵਲੋਂ ਇਸ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਪਹੁੰਚ ਕੀਤੀ ਗਈ ਸੀ, ਉਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੀ ਵਲੋਂ ਇਸ ਸੰਸਥਾ ਨੂੰ ਗੁਰੂ ਸਾਹਿਬ ਦੀ ਸਟੇਜ ਵਰਤਣ ਲਈ ਆਗਿਆ ਨਾ ਦੇਣ ਬਾਰੇ ਪੱਤਰ ਲਿਖਿਆ ਸੀ ਤੇ ਇਸ ਸੰਸਥਾ ਦੀਆਂ ਗਤੀਵਿਧੀਆਂ ਤੋਂ ਸੁਚੇਤ ਹੋਣ ਲਈ ਕਿਹਾ ਸੀ। ਅੱਜ ਇਹ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ (ਸਾਬਕਾ) ਨੂੰ ਆਪਣੇ ਸਮਾਗਮ ਵਿੱਚ ਸੱਦਣ ਲਈ ਸਫਲ ਹੋ ਗਈ ਹੈ। ਏਥੇ ਹੀ ਬਸ ਨਹੀਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੇਠਲੇ ਇਤਿਹਾਸਕ ਗੁਰਦੁਆਰਿਆਂ ਨੂੰ ਇਹ ਸੰਸਥਾ ਆਪਣੀ ਸਰਗਰਮੀਆਂ ਲਈ ਵਰਤਣ ਵਿਚ ਕਾਮਯਾਬ ਹੋ ਰਹੀ ਹੈ।

ਹੁਣ ਤਾਂ ਇਹ ਸਪੱਸ਼ਟ ਹੀ ਹੋ ਗਿਆ ਹੈ, ਰਾਸ਼ਟਰੀ ਸਿੱਖ ਸੰਗਤ ਅਤੇ ਇਸ ਦੀ ਮੂਲ ਜਥੇਬੰਦੀ ਰਾਸ਼ਟਰੀ ਸੋਇਮ ਸੇਵਕ ਸੰਘ ਦੀਆਂ ਨੀਤੀਆਂ ਸਿੱਖ ਧਰਮ ਪ੍ਰਤੀ ਕੀ ਹਨ। ਚੰਡੀਗੜ੍ਹ ਹੋਈ ਇਸ ਦੀ ਕਨਵੈਨਸ਼ਨ ਵਿਚ ਆਰ.ਐਸ.ਐਸ. ਦੇ ਮੁਖੀ ਸੁਦਰਸ਼ਨ ਜੀ ਇਹ ਕਹਿ ਚੁੱਕੇ ਹਨ ਕਿ ਦੋ ਤਖ਼ਤ ਤਾਂ ਪ੍ਰਬੰਧਕੀ ਤੇ ਧਰਮ ਪ੍ਰਚਾਰ ਦੀਆਂ ਸਰਗਰਮੀਆਂ ਪਖੋਂ ਸਾਡੇ ਪ੍ਰਭਾਵ ਹੇਠ ਹਨ। ਦਸਮ ਗ੍ਰੰਥ ਬਾਰੇ ਦੋ ਤਰ੍ਹਾਂ ਦੇ ਖ਼ਿਆਲ ਸਿਖ ਕੌਮ ਦਾ ਅੰਦਰੂਨੀ ਮਸਲਾ

ਹੈ। ਇਨ੍ਹਾਂ ਦਾ ਇਸ ਗ੍ਰੰਥ ਪ੍ਰਤੀ ਹੇਜ ਪਰਗਟ ਕਰਨਾ, ਜੋ ਇਸ਼ਾਰੇ ਕਰ ਰਿਹਾ ਹੈ, ਉਸ ਤੋਂ ਕੌਮ ਨੂੰ ਪੂਰੀ ਤਰ੍ਹਾਂ ਸੁਚੇਤ ਹੋਣਾ ਚਾਹੀਦਾ ਹੈ। ਪੰਜਾਬੋਂ ਬਾਹਰ ਵੀ ਇਸ ਸੰਸਥਾ ਦੀਆਂ ਸਰਗਰਮੀਆਂ ਉਥੇ ਵੱਸਦੀ ਸਿੱਖ ਸੰਗਤ ਵਿਚ ਜਿਥੇ ਦੁਬਿਧਾ ਖੜੀ ਕਰ ਰਹੀਆਂ ਹਨ, ਉਥੇ ਚੇਤੰਨ ਗੁਰਸਿਖ ਰੂਹਾਂ ਕੌਮ ਦੇ ਵਰਤਮਾਨ ਤੇ ਭਵਿੱਖ ਨੂੰ ਲੈ ਕੇ ਮਨਸੂਬਿਆਂ ਤੋਂ ਬਹੁਤ ਪੀੜਤ ਹਨ। ਪੰਜਾਬ ਅੰਦਰ ਸਿਖ ਜਥੇਬੰਦੀਆਂ ਨੂੰ ਹਰ ਪ੍ਰਕਾਰ ਦੇ ਜਾਤੀ ਵਖਰੇਵੇਂ ਤਿਆਗ ਕੇ ਧਰਮ ਸਿਧਾਂਤ ਤੇ ਮਰਯਾਦਾ ਦੀ ਰਾਖੀ ਲਈ ਕੌਮੀ ਤੌਰ 'ਤੇ ਜਥੇਬੰਦ ਹੋ ਕੇ ਬਿਨਾਂ ਦੇਰ ਇਸ ਸੰਬੰਧੀ ਦੀਰਘ ਵੀਚਾਰਨਾ ਜ਼ਰੂਰੀ ਹੈ। ਸਿਖ ਸੰਗਤ ਦਾ ਸਿਧਾਂਤ, ਸਰੂਪ ਤੇ ਮਰਯਾਦਾ ਵਿਸ਼ਵ-ਵਿਆਪੀ ਹੈ, ਇਸ ਨੂੰ ਕਿਸੇ ਰਾਸ਼ਟਰ ਦੀ ਹੋਂਦ ਅੰਦਰ ਕੈਦ ਕਰਨਾ ਬੁਨਿਆਦੀ ਭੁੱਲ ਹੈ। ਅੱਜ ਲੋੜ ਹੈ ਅਸੀਂ ਕੌਮੀ ਤੌਰ 'ਤੇ ਆਪਣੇ ਕੌਮੀ ਸਰੂਪ, ਸਿਧਾਂਤ ਅਤੇ ਮਰਯਾਦਾ ਦੀ ਸੰਭਾਲ ਲਈ ਇਕੱਠੇ ਹੋ ਕੇ ਵੀਚਾਰੀਏ, ਠੋਸ ਬਾਨ੍ਹਣੂ ਬੰਨ੍ਹੀਏ, ਕੋਈ ਵੀ ਸ਼ਕਤੀ ਲੁਕਵੇਂ ਜਾਂ ਪ੍ਰਗਟ ਰੂਪ ਵਿਚ ਸਾਡੇ ਕੌਮੀ ਸਿਧਾਂਤਾਂ ਨੂੰ ਨੁਕਸਾਨ ਨਾ ਪਹੁੰਚਾ ਜਾਵੇ। ਆਰ.ਐਸ.ਐਸ. ਨਾਂ ਦੀ ਸੰਸਥਾ ਆਪਣੇ ਪ੍ਰਭਾਵ ਨਾਲ ਬੁੱਤ ਪੂਜਾ ਦਾ ਰੁਝਾਨ ਵਧਾਉਣ ਦੇ ਆਹਾਰ ਵਿੱਚ ਹੈ। ਕੌਮੀ ਸੰਸਥਾਵਾਂ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਚੀਫ਼ ਖਾਲਸਾ ਦੀਵਾਨ) ਦਾ ਫ਼ਰਜ਼ ਹੈ, ਮੰਗ ਹੈ, ਕੌਮੀ ਸਿਧਾਂਤ, ਮਰਯਾਦਾ ਤੇ ਸਰੂਪ ਦੀ ਰਾਖੀ ਲਈ ਜੁਰਅਤ ਨਾਲ ਸਾਂਝੇ ਰੂਪ ਵਿਚ ਦ੍ਰਿੜ੍ਹਤਾ ਨਾਲ ਪ੍ਰੋਗਰਾਮ ਉਲੀਕਣ। ਜਾਤੀ ਤੇ ਆਪਸੀ ਧੜੇਬੰਦੀ ਦੀ ਸੋਚ ਤੋਂ ਹੁਣ ਉਪਰ ਉਠਣ ਦੀ ਲੋੜ ਹੈ। ਬਿਹਾਇਆ ਵਕਤ ਵਾਪਸ ਨਹੀਂ ਪਰਤੇਗਾ।

(ਪੰਥ ਹਿਤੈਸ਼ੀ ਦੀ ਕਲਮ ਤੋਂ)

# ਰਾਸ਼ਟਰੀਯ ? ਸਿੱਖ ? ਸੰਗਤ ?

ਬਹੁ ਚਰਚਿਤ ਅਤੇ ਵਿਵਾਦਾਂ ਵਿੱਚ ਘਿਰੀ ਹੋਈ ਸੰਸਥਾ 'ਰਾਸ਼ਟ੍ਰੀਯ ਸਵਯਮ ਸੇਵਕ ਸੰਘ' (ਆਰ.ਐਸ.ਐਸ.) ਦੀ ਇਕਾਈ 'ਰਾਸ਼ਟ੍ਰੀਯ ਸਿੱਖ ਸੰਗਤ' ਨਾਮ ਦੀ ਸੰਸਥਾ ਵੱਲੋਂ ਸਿੱਖਾਂ ਨੂੰ ਮੁਖ਼ਾਤਬ ਕਰਕੇ ਅਰੰਭੇ ਪ੍ਰਚਾਰ ਨੇ ਸਿੱਖਾਂ ਨੂੰ ਪੂਰੀ ਤਰ੍ਹਾਂ ਜਾਗਰੂਕ ਕੀਤਾ ਹੈ। ਇਹਨਾਂ ਦੇ ਉਦੇਸ਼ਾਂ ਬਾਰੇ ਗੁਰਮਤਿ ਅਤੇ ਪੰਥ ਨੇ ਪਹਿਲਾਂ ਹੀ ਨਿਰਣੇ ਲਏ ਹਨ, ਲੋੜ ਕੇਵਲ ਉਹਨਾਂ ਨੂੰ ਅਮਲੀ ਰੂਪ ਦੇਣ ਦੀ ਹੈ।

ਪਹਿਲਾ ਵਿਚਾਰ ਤਾਂ ਇਸ ਸੰਸਥਾ ਦੇ 'ਰਾਸ਼ਟ੍ਰੀਯ ਸਿੱਖ ਸੰਗਤ' ਨਾਮਕਰਣ ਦਾ ਹੈ। ਇਸ ਨਾਮ ਵਿੱਚ ਤਿੰਨ ਲਫਜ਼ ਹਨ, 'ਰਾਸ਼ਟ੍ਰੀਯ' 'ਸਿੱਖ' ਅਤੇ 'ਸੰਗਤ'। ਇਸ ਵਿਚੋਂ 'ਸਿੱਖ' ਅਤੇ 'ਸੰਗਤ' ਦੀ ਗੁਰਬਾਣੀ ਅਤੇ ਗੁਰਮਤਿ ਵੱਲੋਂ ਦਿੱਤੀ ਪਰਿਭਾਸ਼ਾ ਹੀ ਪ੍ਰਵਾਨਿਤ ਹੋਏਗੀ। ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਮੁਤਾਬਿਕ ਸਿੱਖ ਦੀ ਪਰਿਭਾਸ਼ਾ ਹੈ,

*ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ) ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।*

ਇਸੇ ਪਰਿਭਾਸ਼ਾ ਨੂੰ ਹੋਰ ਸਪੱਸ਼ਟ ਕਰਦਿਆਂ ਸਿੱਖ ਰਹਿਤ ਮਰਿਯਾਦਾ ਦੇ ਅੰਕ 2 ਗੁਰਮਤਿ ਦੀ ਰਹਿਣੀ ਸਿਰਲੇਖ ਹੇਠ ਅੰਕਤ ਹੈ,

(ੳ) ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ ਦੇਵਤੇ ਦੀ ਉਪਾਸ਼ਨਾ ਨਹੀਂ ਕਰਨੀ।

(ਅ) ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ

ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ।

(ਏ) ਖਾਲਸਾ ਸਾਰੇ ਮਤਾਂ ਤੋਂ ਨਿਆਰਾ ਰਹੇ ਪਰ, ਕਿਸੇ ਅਨਧਰਮੀ ਦਾ ਦਿਲ ਨਾ ਦੁਖਾਵੇ।

ਇਸੇ ਤਰ੍ਹਾਂ ਮੌਜੂਦਾ ਗੁਰਦੁਆਰਾ ਐਕਟ ਵਿੱਚ ਵੋਟਰ ਨੂੰ ਐਲਾਨ ਕਰਨਾ ਪੈਂਦਾ ਹੈ ਕਿ 'ਮੈਂ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ'। ਇਸ ਦੇ ਨਾਲ ਹੀ ਪਾਰਲੀਮੈਂਟ ਵਲੋਂ ਪ੍ਰਵਾਨ ਕੀਤੇ ਦਿੱਲੀ ਗੁਰਦੁਆਰਾ ਐਕਟ ਦੀ ਪਰਿਭਾਸ਼ਾ ਵਿਚ ਲਿਖਿਆ ਹੈ ਕਿ ਸਿੱਖ ਉਹ ਹੈ 'ਜੋ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਮੰਨਦਾ ਹੈ ਅਤੇ ਜਿਸਦਾ ਹੋਰ ਕੋਈ ਧਰਮ ਨਹੀਂ ਹੈ।'

ਸੋ ਮੌਜੂਦਾ ਐਕਟ, ਦਿੱਲੀ ਐਕਟ ਅਤੇ ਸਿੱਖ ਰਹਿਤ ਮਰਿਯਾਦਾ ਵਿੱਚ ਦਿੱਤੀ, ਸਿੱਖ ਦੀ ਪਰਿਭਾਸ਼ਾ ਵਿੱਚ 'ਕੇਵਲ ਗੁਰੂ ਗ੍ਰੰਥ ਸਾਹਿਬ' ਨੂੰ ਮੰਨਣ ਅਤੇ 'ਹੋਰ ਕਿਸੇ ਧਰਮ ਨੂੰ ਨਾ ਮੰਨਣ' ਵਾਲੇ ਨੂੰ ਹੀ ਸਿੱਖ ਤਸਲੀਮ ਕੀਤਾ ਗਿਆ ਹੈ। ਭਾਈ ਮੰਝ ਨੂੰ ਜਦੋਂ ਉਹ ਹਾਲੇ ਸਰਵਰੀਆ ਸੀ ਅਤੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਕੋਲੋਂ ਸਿੱਖੀ ਦੀ ਦਾਤ ਦੀ ਮੰਗ ਕੀਤੀ ਸੀ ਤਾਂ ਸਾਹਿਬਾਂ ਨੇ ਬਚਨ ਕੀਤੇ ਸੀ, 'ਸਿੱਖੀ ਤੇ ਸਿੱਖੀ ਨਹੀ ਟਿਕਦੀਂ'।

ਸਿੱਖ ਕੇਵਲ ਇਕ ਦਾ ਹੋ ਸਕਦਾ ਹੈ ਦੋ ਜਾਂ ਵੱਧ ਦਾ ਨਹੀਂ।

ਇਸ ਪਿਛੋਕੜ ਵਿੱਚ 'ਰਾਸ਼ਟ੍ਰੀਯ ਸਿੱਖ ਸੰਗਤ' ਨੂੰ ਸਿੱਖ ਦੀ ਇਸ ਧਾਰਮਿਕ ਅਤੇ ਕਾਨੂੰਨੀ ਪਰਿਭਾਸ਼ਾ ਦਾ ਹੀ ਸਤਿਕਾਰ ਕਰਦਿਆਂ ਸਿੱਖ ਦੀ ਆਜ਼ਾਦ ਹਸਤੀ ਦਾ ਸਤਿਕਾਰ ਕਰਨਾ ਹੋਏਗਾ।

ਇਸ ਤਰ੍ਹਾਂ 'ਸੰਗਤ ਦੀ ਵਿਆਖਿਆ ਗੁਰੂ ਸਾਹਿਬ ਨੇ ਖ਼ੁਦ ਹੀ ਕਰ ਦਿੱਤੀ ਹੈ,

ਸਤਸੰਗਿਤ ਕੈਸੀ ਜਾਣੀਐ।।
ਜਿਥੇ ਏਕੋ ਨਾਮੁ ਵਖਾਣੀਐ।। (ਪੰਨਾ ੭੨)

ਹਰ ਭੀੜ ਦਾ ਨਾਮ ਸੰਗਤ ਨਹੀ ਹੈ। ਭਾਈ ਨੰਦ ਲਾਲ ਜੀ

ਫਰਮਾਂਦੇ ਹਨ ਕਿ ਹਜੂਮ ਉਹ ਮੁਬਾਰਕ ਹੈ ਜੋ ਰੱਬੀ ਯਾਦ ਲਈ ਹੋਵੇ ਅਤੇ ਜਿਸਦੀ ਬੁਨਿਆਦ ਸੱਚ ਤੇ ਹੋਵੇ ਅਤੇ ਜਿਹੜਾ ਹਜੂਮ ਸ਼ੈਤਾਨੀਅਤ ਦੀਆਂ ਘਾੜਤਾਂ ਘੜੇ ਯਾ ਜਿਸ ਤੋਂ ਅੱਗੋ ਪਛਤਾਵਾ ਹੋਵੇ ਉਹ ਹਜੂਮ ਬਦ ਹੈ।

ਆਂ ਹਜੂਮਿ ਖੁਸ਼ ਕਿ ਬਹਿਰਿ ਯਾਦਿ ਉ–ਸਤ।
ਆਂ ਹਜੂਮਿ ਖੁਸ਼ ਕਿ ਹੱਕ ਬੁਨਿਆਦਿ ਉ–ਸਤ।।੨੩।।
ਆਂ ਹਜੂਮਿ ਬਦ ਕਿ ਸ਼ੈਤਾਨੀ ਬਵਦ
ਆਕਬਤ ਅਜ਼ ਵੈ ਪਸ਼ੇਮਾਨੀ ਬਵਦ।।੨੪।।

ਸੋ ਗੁਰਮਤਿ ਅਨੁਸਾਰ ਰੱਬ ਦੀ ਉਸਤਿਤ ਵਿੱਚ ਜੁੜੇ ਹਜੂਮ ਨੂੰ ਹੀ ਸੰਗਤ ਪਦ ਪ੍ਰਾਪਤ ਹੈ। ਵਜ਼ੀਰਾਂ, ਰਾਜਨੀਤਿਕ ਵਿਅਕਤੀਆਂ ਜਾਂ 'ਰਾਸ਼ਟ੍ਰੀਯ ਸਿੱਖ ਸੰਗਤ' ਵਰਗੀਆਂ ਸੰਸਥਾਵਾਂ ਵੱਲੋਂ ਆਪਣੇ ਮਕਸਦ ਅਤੇ ਸਿਆਸੀ ਐਲਾਨ ਨਾਮਿਆਂ ਲਈ ਜੁੜੀ ਭੀੜ ਨੂੰ ਸੰਗਤ ਜਾਂ ਸੰਗਤ ਦਰਸ਼ਨ ਵਰਗੀ ਨਿਰੋਲ ਸਿੱਖ ਸ਼ਬਦਾਵਲੀ ਨੂੰ 'ਸੰਗਤ' ਦਾ ਦਰਜਾ ਨਹੀਂ ਦਿੱਤਾ ਜਾਣਾ ਚਾਹੀਦਾ।

ਤੀਸਰਾ ਅਤੇ ਮੁੱਖ ਲਫ਼ਜ਼ ਹੈ, 'ਰਾਸ਼ਟ੍ਰੀਯ'। ਇਹ ਲਫ਼ਜ਼ ਵੀ ਭੁਲੇਖੇ ਨੂੰ ਦੂਰ ਕਰਣ ਦੀ ਬਜਾਇ ਕਈ ਪ੍ਰਸ਼ਨ ਚਿੰਨ੍ਹ ਖੜੇ ਕਰਦਾ ਹੈ। ਰਾਸ਼ਟਰ ਸ਼ਬਦ ਦਾ ਪਰਯਾਇਵਾਚੀ ਸ਼ਬਦ ਹੈ, ਕੌਮ। ਇਹ ਗੱਲ ਸੱਭ ਨੂੰ ਪਤਾ ਹੈ ਕਿ ਸਿੱਖ ਇਕ ਵੱਖਰੀ ਕੌਮ ਹੈ ਤੇ ਆਪਣੇ ਆਪ ਵਿੱਚ ਸੰਪੂਰਨ ਹੈ। ਸੋ ਜੇਕਰ ਸਿੱਖ ਖੁਦ ਹੀ ਇਕ ਕੌਮ ਹੈ ਤਾ ਫਿਰ 'ਰਾਸ਼ਟਰੀ ਸਿੱਖ' ਜਾਂ 'ਕੌਮੀ ਸਿੱਖ' ਕਹਿਣਾ ਅਰਥਹੀਣ ਹੈ। ਕੀ ਜੋ ਇਸ 'ਰਾਸ਼ਟਰੀਯ ਸਿੱਖ ਸੰਗਤ' ਦਾ ਹਿੱਸਾ ਨਹੀਂ ਬਣਿਆ ਉਹ ਰਾਸ਼ਟਰ ਵਿਰੋਧੀ ਹੈ ਜਾਂ ਗੈਰ ਰਾਸ਼ਟਰੀ ? ਜੇਕਰ ਇਸ ਦਾ ਅਰਥ ਰਾਸ਼ਟਰ ਦੀ ਸੰਗਤ ਹੈ ਤਾਂ ਇਹ ਸਹੀ ਨਹੀਂ ਹੈ ਕਿਉਂ ਕਿ ਸਿੱਖ ਤਾਂ 'ਵਾਹਿਗੁਰੂ ਜੀ ਕਾ ਖਾਲਸਾ' ਹੈ। ਇਹ ਸਿੱਧਾ ਵਾਹਿਗੁਰੂ ਦੇ ਅਧੀਨ ਹੈ ਅਤੇ ਕਿਸੇ ਹੋਰ ਦੀ ਅਧੀਨਗੀ ਇਸ ਨੂੰ ਪ੍ਰਵਾਨ ਨਹੀ ਸਗੋਂ ਸਿੱਖ ਦਾ ਗੁਰੂ ਵੀ ਸਿੱਖ

ਦਾ ਹਮਸਫਰ ਹੋ ਤੁਰਿਆ।

ਸੋ ਸਿੱਖ ਕਿਸੇ ਖਾਸ ਧੜੇ, ਫਿਰਕੇ, ਸਾਧ ਸੰਤ, ਪਾਰਟੀ, ਡੇਰੇ ਜਾਂ ਰਾਸ਼ਟਰ ਦਾ ਨਹੀਂ। 'ਰਾਸ਼ਟਰੀਯ ਸਿੱਖ ਸੰਗਤ' ਕੇਵਲ ਹਿੰਦੂ ਸਿੱਖ ਏਕਤਾ ਦੀ ਗੱਲ ਕਰਦੀ ਹੈ ਪਰ ਗੁਰਮਤਿ ਤਾਂ ਹਰ ਪ੍ਰਾਣੀ ਮਾਤਰ ਨੂੰ ਉਸ ਇਕ ਪਰਮ ਪਿਤਾ ਦੀ ਸੰਤਾਨ ਮੰਨਦਿਆਂ ਹੋਇਆਂ ਆਪਸ ਵਿੱਚ ਭਾਈਚਾਰੇ ਦਾ ਪਾਠ ਪੜ੍ਹਾਂਦੀ ਹੈ। ਸਿੱਖੀ ਦੀ ਦਾਤ ਪ੍ਰਾਪਤ ਕਰਦਿਆਂ ਉਸਨੂੰ ਸਾਰੇ ਸੰਸਾਰ ਦੇ ਭਲੇ ਦੀ ਕਾਮਨਾ ਦਾ ਪਾਠ ਪੜ੍ਹਾਇਆ ਜਾਂਦਾ ਹੈ। ਕਿਸੇ ਸਿੱਖ ਦੀ ਪ੍ਰਪੱਕ ਸਿੱਖੀ ਹੀ ਉਸਦੇ ਵਤਨ ਦੀ ਰਾਖੀ ਦੀ ਸਭ ਤੋਂ ਵੱਡੀ ਜ਼ਾਮਨ ਹੈ। ਸਿੱਖੀ ਦਾ ਸੰਕਲਪ ਤਾਂ ਸਾਰੀ ਮਾਨਵਤਾ ਦੇ ਭਲੇ ਦੀ ਲੋਚਨਾ ਰਖਦਿਆਂ ਹੋਇਆ 'ਸਰਬਤ ਦੇ ਭਲੇ ਦੀ ਯਾਚਨਾ ਕਰਨਾ ਹੈ। ਇਸੇ ਲਈ ਸਿੱਖ ਤਾਂ 'ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ' ਦੀ ਮੰਗ ਕਰਦਾ ਹੈ। ਨਿੱਜੀ ਤੌਰ ਤੇ ਸਿੱਖ ਤਾਂ ਅੰਤਰ–ਰਾਸ਼ਟਰੀ ਹੋ ਚੁੱਕਾ ਹੈ। ਫਿਰ ਉਸ ਅੰਤਰ–ਰਾਸ਼ਟਰੀ ਜਾਂ ਗੈਰ ਰਾਸ਼ਟਰੀ ਸਿੱਖ ਨੂੰ ਇਸ 'ਰਾਸ਼ਟ੍ਰੀਯ ਸਿੱਖ ਸੰਗਤ' ਦਾ ਹਿੱਸਾ ਬਣਨ ਦੀ ਜ਼ਰੂਰਤ ਹੀ ਕੀ ਹੈ ?

ਰਾਸ਼ਟਰ੍ਹੀਯ ਸਿੱਖ ਸੰਗਤ ਦੀ ਪਰਚਾਰ ਵਿੱਧੀ ਤੋਂ ਸਿੱਖਾਂ ਦੀ ਚਿੰਤਾ ਅਤੇ ਭੈ ਨਿਰਮੂਲ ਨਹੀਂ ਹੈ। ਕਵੀ ਚੁੜਾਮਣਿ ਭਾਈ ਸੰਤੋਖ ਸਿੰਘ ਨੇ ਸੂਰਜ ਪ੍ਰਕਾਸ਼ ਵਿੱਚ ਵਿਚਾਰ ਦਿੱਤੇ ਹਨ ਕਿ ਜੇ ਗੁਰੂ ਗੋਬਿੰਦ ਸਿੰਘ ਜੀ ਨਾ ਹੁੰਦੇ ਤਾਂ ਇਸ ਦੇਸ਼ ਵਿਚ ਪੂਰਨ 'ਰਾਸ਼ਟਰੀ ਏਕਤਾ' ਹੋ ਜਾਣੀ ਸੀ।

ਛਾਇ ਜਾਤੀ ਏਕਤਾ ਅਨੇਕਤਾ ਬਿਲਾਇ ਜਾਤੀ,
ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ।
ਪਾਪ ਪਰਪੱਕ ਜਾਤੇ, ਧਰਮ ਧਸੱਕ ਜਾਤੇ,
ਸਰਨ ਗਰਕ ਜਾਤੇ ਸਾਹਿਤ ਬਿਧਾਨ ਕੀ।

ਦੇਵੀ ਦੇਵ ਦਿਹੁਰੇ ਸੰਤੋਖ ਸਿੰਘ ਦੂਰ ਹੋਤੇ,
ਰੀਤ ਮਿਟ ਜਾਤੀ ਸਭ ਬੇਦਨ ਪੁਰਾਨ ਕੀ।
ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ,
ਮੂਰਤੀ ਨ ਹੋਤੀ ਜੋ ਪਹਿ, ਕਰੁਣਾ ਨਿਧਾਨ ਕੀ।

(ਭਾਈ ਸੰਤੋਖ ਸਿੰਘ)

ਇਸ ਗੱਲ ਨੂੰ ਅਲਬੇਲੇ ਸ਼ਾਇਰ ਬੁੱਲੇ ਸ਼ਾਹ ਨੇ ਵੀ ਆਪਣੇ ਹੀ ਅੰਦਾਜ਼ ਵਿੱਚ ਕਿਹਾ ਹੈ ਕਿ :–

ਨਾ ਕਹੂੰ ਤਬ ਕੀ ਨਾ ਕਹੂੰ ਜਬ ਕੀ
ਬਾਤ ਕਰੂੰ ਮੈਂ ਅਬ ਕੀ,
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ
ਤੋਂ ਸੁੰਨਤ ਹੋਤੀ ਸਬ ਕੀ।

ਗੁਰੂ ਨੇ ਤਾਂ 'ਤਿਲਕ ਜੰਞੂ ਰਾਖਾ ਪ੍ਰਭੁ ਤਾਕਾ' ਦੇ ਅਸੂਲ ਤੇ ਮਹਾਨ ਕੁਰਬਾਨੀ ਦੇ ਦਿੱਤੀ। ਸੋ ਉਸ ਗੁਰੂ ਦੇ ਸਿੱਖ ਕੇਵਲ ਉਸ ਰਾਸ਼ਟਰੀ ਏਕਤਾ ਦੇ ਮੁੱਦਈ ਅਤੇ ਸ਼ੈਦਾਈ ਹੋ ਸਕਦੇ ਹਨ ਜੋ ਇਸ ਮਹਾਨ ਦੇਸ਼ ਦੇ ਹਰ ਫਿਰਕੇ ਅਤੇ ਧਰਮ ਅਤੇ ਉਹਨਾਂ ਦੀ ਧਾਰਮਿਕ ਆਜ਼ਾਦੀ ਦੀ ਜ਼ਾਮਨ ਹੋਵੇ। ਦੂਸਰਿਆਂ ਦੀ ਖਾਤਰ ਆਪਾ ਵਾਰਨ ਵਾਲੇ ਸਿੱਖ ਤਾਂ ਭਾਈ ਗੁਰਦਾਸ ਜੀ ਦੇ ਇਸ ਬਚਨ ਦੇ ਪਾਬੰਦ ਹਨ,

ਮੁਲ ਨ ਮਿਲੈ ਅਮੋਲ ਨ ਕੀਮਤ ਪਾਈਐ।।
ਪਾਇ ਤਰਾਜੂ ਤੋਲ ਨ ਅਤੁਲ ਤੁਲਾਈਐ।।
ਨਿਜ ਘਰ ਤਖ਼ਤ ਅਡੋਲ ਨ ਡੋਲ ਡੋਲਾਈਐ।।
ਗੁਰਮੁਖ ਪੰਥ ਨਿਰੋਲ ਨ ਰਲੈ ਰਲਾਈਐ।।

(ਸ੍ਰ: ਗੁਰਚਰਨਜੀਤ ਸਿੰਘ ਐਡਵੋਕੇਟ, ਜਲੰਧਰ)

# ਕੀ ਇਹ ਸੱਚੀ ਸ਼ਰਧਾਂਜਲੀ ਹੈ ?

ਰਾਸ਼ਟਰੀ ਸਵੈਮ ਸੇਵਕ ਸੰਘ ਦੇ ਸਪਤਾਹਿਕ ਅਖ਼ਬਾਰ 'ਆਰਗੇਨਾਈਜ਼ਰ' ਦੇ ਪਹਿਲੇ ਪੰਨੇ 'ਤੇ ਗੁਰੂ ਗੋਬਿੰਦ ਸਿੰਘ ਜੀ ਦਾ ਕਾਲਪਨਿਕ ਚਿੱਤਰ ਛਾਪਿਆ ਜਾਂਦਾ ਹੈ ਜਿਸ ਨੂੰ ਕੁਝ ਹਲਕੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿੱਖਾਂ ਪ੍ਰਤੀ ਸਤਿਕਾਰ ਦਾ ਪ੍ਰਗਟਾਵਾ ਮੰਨਦੇ ਹਨ। ਇਹ ਗੱਲ ਉਨ੍ਹਾਂ ਨੂੰ ਓਪਰੀ ਲੱਗੇਗੀ, ਪਰ ਹੈ ਸੱਚ ਕਿ "ਹਾਕਮ ਨਸਲ" ਦੇ ਪ੍ਰਤੀਨਿਧਾਂ ਵਲੋਂ ਦਿੱਤੀ ਗਈ ਇਹ ਰਿਆਇਤ ਗੁਰੂ ਸਾਹਿਬ ਪ੍ਰਤੀ ਸੱਚੀ ਸ਼ਰਧਾਂਜਲੀ ਨਹੀ ਹੈ, ਸਗੋਂ ਉਨ੍ਹਾਂ ਦੀ ਨਿਰਾਦਰੀ ਹੈ। ਗੁਰੂ ਸਾਹਿਬ ਦਾ ਚਿੱਤਰ ਸ਼ਿਵਾ ਜੀ ਮਰਹੱਟਾ ਅਤੇ ਮਹਾਰਾਣਾ ਪ੍ਰਤਾਪ ਦੇ ਨਾਲ ਛਾਪਿਆ ਗਿਆ ਹੈ। ਉਹ ਆਪਣੀ ਥਾਂ ਮਹਾਨ ਪੁਰਸ਼ ਸਨ, ਭਾਵੇਂ ਕਿ ਕਈ ਇਤਿਹਾਸਕ ਕਾਰਨਾਂ, ਜਿਨ੍ਹਾਂ ਦੀ ਇਥੇ ਚਰਚਾ ਕਰਨ ਦੀ ਲੋੜ ਨਹੀਂ ਹੈ, ਕਰਕੇ ਉਨ੍ਹਾਂ ਦੀ ਮਹਾਨਤਾ ਦਾਗੀ ਹੈ। ਉਹ ਕੇਵਲ ਸਿਆਸਤਦਾਨ ਸਨ ਅਤੇ ਹੋਰਨਾਂ ਰਾਜਿਆਂ ਦੀ ਤਰ੍ਹਾਂ ਹੀ ਉਹ ਮਾਣਸ ਖਾਣੇ ਸਨ। ਉਨ੍ਹਾਂ ਦੇ ਚਿੱਤਰਾਂ ਨੂੰ ਗੁਰੂ ਸਾਹਿਬ ਦੇ ਨਾਲ ਛਾਪਣਾ ਕੋਈ ਚੰਗੀ ਗੱਲ ਨਹੀਂ ਹੈ। ਗੁਰੂ ਸਾਹਿਬ ਅਕਾਲ ਪੁਰਖ ਦੇ ਪੈਗੰਬਰ ਸਨ।

ਸਾਨੂੰ ਚਾਪਲੂਸੀ ਤੋਂ ਮੁਕਤ ਰਹਿਣਾ ਚਾਹੀਦਾ ਹੈ। ਸੱਚ ਦੇ ਉਲਟ ਗੱਲਾਂ ਕਰਨਾ ਕੋਈ ਦੇਸ਼ ਭਗਤੀ ਨਹੀਂ ਹੈ। ਖ਼ਾਲਸਾ ਪੰਥ ਨੂੰ ਖ਼ਤਮ ਕਰਨ ਦਾ ਯਤਨ ਕਰਨਾ ਮਨੁੱਖ ਜਾਤੀ ਦੇ ਸਜੀਵ ਹਿੱਤਾਂ ਦੇ ਵੀ ਵਿਰੁੱਧ ਹੈ। ਇਹ ਗੱਲ ਨਿਸ਼ਚਿਤ ਹੈ ਕਿ ਘੋਰ ਗੁਲਾਮੀ ਦੇ ਦੋ ਹਜ਼ਾਰ ਸਾਲ ਦੇ ਇਤਿਹਾਸ ਵਿਚ ਇਹ ਧਰਮ ਆਸ ਦਾ ਇਕੋ-ਇਕ ਉਜਲ ਸਿਤਾਰਾ ਹੈ। ਧਾਰਮਿਕ ਅਕੀਦਿਆਂ ਨੂੰ ਨਵੇਂ ਸਿਰਿਓਂ ਨਹੀਂ ਲਿਖਿਆ ਜਾਂਦਾ ਹੁੰਦਾ। ਕਿਸੇ ਵੀ ਬ੍ਰਾਹਮਣ ਲਈ ਸੰਕਟ ਵੇਲੇ ਖ਼ਾਲਸਾ ਪੰਥ ਨੂੰ ਸੁਰਜੀਤ ਕਰਨਾ ਅਸੰਭਵ ਹੋਵੇਗਾ ਜਿਵੇ ਕਿ ਅਗਨੀ ਕਲਾਂ ਦੇ ਹਸ਼ਰ ਤੋਂ ਸਪਸ਼ਟ ਹੀ ਹੈ ਜਿਹੜੇ ਗੁਲਾਮੀ ਦੀਆਂ ਜ਼ੰਜੀਰਾਂ ਤੋੜ ਨਹੀਂ ਸਨ ਸਕੇ। ਇਹ ਗੱਲ ਵੀ ਪੱਕੀ ਨਹੀ ਹੈ ਕਿ ਸਿੱਖਾਂ ਅਤੇ ਸਿੱਖ ਧਰਮ ਨੂੰ ਖ਼ਤਮ ਕਰਨ ਨਾਲ ਹਿੰਦੂਤਵ ਨੂੰ ਜ਼ਰੂਰ ਹੀ ਕੋਈ ਫਾਇਦਾ ਹੋ ਜਾਵੇਗਾ।

ਅਹਿਸਾਨ-ਫਰਾਮੋਸ਼ੀ ਅਤੇ ਮੂਰਖਤਾ ਦੀ ਸਿਖਰ ਤੋਂ ਇਲਾਵਾ, ਇਹ ਮਨੁੱਖ ਜਾਤੀ ਦੇ ਪਰਮ ਆਦਰਸ਼ ਦਸਵੇਂ ਗੁਰੂ ਦੀ ਅਰਸ਼-ਛੂੰਹਦੀ ਸ਼ਾਨ ਨੂੰ ਦਾਗੀ ਕਰਨ ਦਾ ਘੋਰ ਕਮੀਣਾ ਯਤਨ ਵੀ ਹੈ।

ਪ੍ਰੋ: ਗੁਰਤੇਜ ਸਿੰਘ

੧੯ ਜੁਲਾਈ, ੨੦੦੦

ਪੰ: ਟ੍ਰਿਬੀਊਨ 'ਚੋਂ ਧੰਨਵਾਦ ਸਹਿਤ

# ਹਿੰਦੁਸਤਾਨ ਦੀ ਏਕਤਾ ਭੰਗ ਨਾ ਹੋਣ ਦਿਓ

ਅਸੀਂ ਜਾਣਦੇ ਹਾਂ ਕਿ 14 ਅਗਸਤ, 1947 ਨੂੰ ਪਾਕਿਸਤਾਨ ਬਣਿਆ ਸੀ ਅਤੇ 15 ਅਗਸਤ, 1947 ਨੂੰ ਭਾਰਤ ਦੀ ਅਜ਼ਾਦੀ ਮਿਲੀ ਸੀ। ਭਾਰਤ ਦੀ ਵਿਸ਼ਾਲ ਭੂਮੀ 'ਚੋਂ ਮੁਸਲਮਾਨ ਬਹੁਸੰਮਤੀ ਵਾਲਾ ਇਕ ਹਿੱਸਾ ਵੱਖਰਾ ਹੋ ਗਿਆ ਸੀ। ਲੱਖਾਂ ਲੋਕ ਮਾਰੇ-ਲੁੱਟੇ ਅਤੇ ਬੇਘਰ ਹੋ ਗਏ ਸਨ। 1947 ਤੋਂ ਪਿੱਛੋਂ ਅੰਗਰੇਜ਼ਾਂ ਵਲੋਂ ਗਠਿਤ ਕੀਤੇ ਅਤੇ ਇਕ ਲੜੀ ਵਿਚ ਬੰਨ੍ਹੇ ਹਿੰਦੁਸਤਾਨ ਉਤੇ 26 ਜਨਵਰੀ 1950 ਨੂੰ ਲਾਗੂ ਹੋਏ ਭਾਰਤੀ ਸੰਵਿਧਾਨ ਦੇ ਅਨੁਸਾਰ ਰਾਜ ਪ੍ਰਬੰਧ ਚੱਲ ਰਿਹਾ ਹੈ। ਇਸ ਸੰਵਿਧਾਨ ਦੇ ਅਨੁਸਾਰ ਭਾਰਤ ਇਕ ਸਵਾਧੀਨ ਦੇਸ਼ ਹੈ, ਜਿਸ ਵਿੱਚ ਲੋਕਤੰਤਰ ਅਤੇ ਧਰਮ ਨਿਰਪੱਖਤਾ ਨੂੰ ਅਧਾਰ ਬਣਾਇਆ ਗਿਆ ਹੈ। ਹਿੰਦੂ, ਮੁਸਲਮਾਨ, ਸਿੱਖ, ਈਸਾਈ, ਬੋਧੀ, ਜੈਨੀ, ਪਾਰਸੀ ਆਦਿ ਵਿਭਿੰਨ ਧਰਮਾਂ ਦੇ ਲੋਕ ਵੱਸਦੇ ਹਨ। ਭਾਵੇਂ ਕਾਂਗਰਸ ਦੇ 40 ਸਾਲਾਂ ਤੋਂ ਵਧੀਕ ਸਮੇਂ ਦੇ ਰਾਜ ਨੇ ਘੱਟ ਗਿਣਤੀਆਂ ਦੇ ਪ੍ਰਤੀ ਅਨਿਆਂ ਅਤੇ ਮਤਰੇਏਪਣ ਵਾਲਾ ਸਲੂਕ ਹੀ ਕੀਤਾ ਪਰ ਸਿਧਾਂਤਕ ਤੌਰ 'ਤੇ ਸਾਂਝੀਵਾਲਤਾ ਦੇ ਏਜੰਡੇ ਨੂੰ ਛੇੜਿਆ ਨਹੀਂ। ਬਲਿਊ ਸਟਾਰ ਓਪਰੇਸ਼ਨ, ਬਾਬਰੀ ਮਸਜਿਦ ਢਾਹੁਣਾ, ਨਵੰਬਰ ਚੁਰਾਸੀ ਦੇ ਸਿੱਖ ਮਾਰੂ ਦੰਗੇ, ਮੁਸਲਿਮ ਵਿਰੋਧੀ ਦੰਗੇ ਆਦਿ ਕਾਂਗਰਸ ਰਾਜ ਸਮੇਂ ਹੀ ਹੋਏ।

ਬੀ.ਜੇ.ਪੀ. ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਦੇ ਸਮੇਂ ਹੁਣ ਆਰ.ਐਸ.ਐਸ. ਅਤੇ ਇਸ ਦੀਆਂ ਬਣਾਈਆਂ ਹੋਰ ਸੰਸਥਾਵਾਂ ਤੇ ਏਜੰਸੀਆਂ ਦੂਜੇ ਧਰਮਾਂ ਪ੍ਰਤੀ ਆਪਣੀ ਸੋਚ ਨੂੰ ਅਮਲ ਵਿੱਚ ਲਿਆਉਣ ਲਈ ਕਾਹਲ ਵਿੱਚ ਹਨ। ਮੁਸਲਮਾਨਾਂ ਤੇ ਈਸਾਈਆਂ ਨੂੰ ਉਹ ਵਿਦੇਸ਼ੀ ਧਰਮੀ ਗਿਣਦੇ ਹਨ ਤੇ ਭਾਰਤੀ ਸੰਸਕ੍ਰਿਤੀ ਦਾ ਹਿੱਸਾ ਨਾ ਮੰਨਦੇ ਹੋਏ ਇਨ੍ਹਾਂ ਪ੍ਰਤੀ ਨਫ਼ਰਤ ਭਰਦੇ ਹਨ। ਸਿੱਖਾਂ ਨੂੰ ਪ੍ਰਵਾਨ ਕਰਨ ਲਈ ਤਿਆਰ ਹਨ ਪਰ ਸ਼ਰਤ ਹੈ ਜੇ ਸਿੱਖ ਆਪਣੇ ਗੁਰੂਆਂ ਨੂੰ ਸ਼ਿਵ ਜੀ, ਦੁਰਗਾ ਮਾਤਾ, ਭਗਵਾਨ ਰਾਮ ਚੰਦਰ ਤੇ ਭਗਵਾਨ ਸ੍ਰੀ

ਕ੍ਰਿਸ਼ਨ ਦੇ ਉਪਾਸ਼ਕ ਮੰਨ ਲੈਣ, ਵੇਦਾਂ ਨੂੰ ਬਾਣੀ ਦਾ ਸਰੋਤ ਮੰਨਣ, ਹਵਨ ਕਰਨ ਅਤੇ ਬ੍ਰਾਹਮਣ ਦੀ ਅਗਵਾਈ ਪ੍ਰਵਾਨ ਕਰ ਲੈਣ। ਇੰਝ ਤਾਂ ਸਿੱਖ, ਰਾਸ਼ਟਰੀ ਸਿੱਖ ਸੰਗਤ ਵਜੋਂ ਸਤਿਕਾਰਯੋਗ ਹੋਣਗੇ। ਪਰ ਜੇ ਸਿੱਖ, ਇਕ ਰੱਬ ਦੀ ਪੂਜਾ ਕਰਦੇ ਹੋਏ, ਅਵਤਾਰ ਪੁਰਸ਼ਾਂ ਤੇ ਦੇਵੀ ਦੇਵਤਿਆਂ ਦੀ ਧਰਮ ਪ੍ਰਣਾਲੀ ਵਿਚ ਆਪਣੇ ਆਪ ਨੂੰ ਨਹੀਂ ਪਾਉਂਦੇ, ਬਾਣੀ ਨੂੰ ਰੱਬੀ ਇਲਹਾਮ ਮੰਨਦੇ ਹਨ, ਸਿੱਖ ਨੂੰ ਸੁਤੰਤਰ ਧਰਮ ਤੇ ਸਿੱਖਾਂ ਨੂੰ ਇਕ ਕੌਮ ਵਜੋਂ ਮੰਨਦੇ ਹਨ ਤਾਂ ਉਹ ਗੈਰ ਰਾਸ਼ਟਰੀ ਸਿੱਖਾਂ ਦਾ ਪੰਥ ਮੰਨਿਆ ਜਾਵੇਗਾ। ਜੇ ਆਰ.ਐਸ.ਐਸ. ਚੀਫ ਸ੍ਰੀ ਸੁਦਰਸ਼ਨ ਜੀ ਦੀ ਚੰਡੀਗੜ੍ਹ ਵਿਖੇ ਕੀਤੀ ਤਕਰੀਰ ਨੂੰ ਅਧਾਰ ਮੰਨੀਏ ਤਾਂ ਬਈ ਸਿੱਖ ਗੁਰਧਾਮਾਂ ਵਿਚ ਸਾਰੇ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਸਥਾਪਤ ਕਰਨੀਆਂ ਹੋਣਗੀਆਂ, ਸਿੱਖਾਂ ਨੂੰ ਮੰਨਣਾ ਪਵੇਗਾ ਕਿ ਖਾਲਸਾ ਫੌਜ, ਹਿੰਦੂ ਧਰਮ ਦੀ ਰਾਖੀ ਲਈ ਹੀ ਹੈ, ਮੁਸਲਮਾਨਾਂ ਤੇ ਵਿਦੇਸ਼ੀ ਇਸਾਈਆਂ ਨਾਲ ਸਿੱਖ, ਪ੍ਰੇਮ ਨਹੀਂ ਕਰ ਸਕਦੇ, ਨਹੀਂ ਤਾਂ ਉਹ ਵੀ ਦੇਸ਼ ਵਿਰੋਧੀ ਗਿਣੇ ਜਾਣਗੇ।

ਕੀ ਸਿੱਖਾਂ ਨੂੰ ਆਰ.ਐਸ.ਐਸ. ਦੀ ਇਹ ਨੀਤੀ ਕਦੇ ਪ੍ਰਵਾਨ ਹੋਵੇਗੀ ? ਜੇ ਆਰ.ਐਸ.ਐਸ. ਸਮਝ ਲਵੇ ਕਿ ਸਿੱਖ ਉਨ੍ਹਾਂ ਦੇ ਮੁਤਾਬਿਕ ਧਰਮ ਨਹੀਂ ਕਮਾ ਰਹੇ ਤਾਂ ਉਸ ਦੀ ਸਿੱਖਾਂ ਪ੍ਰਤੀ ਕਿਹੋ ਜਿਹੀ ਪਾਲਿਸੀ ਹੋ ਸਕਦੀ ਹੈ ? ਹੁਣ ਇਹ ਸਵਾਲ ਸਿਧਾਂਤਕ ਨਹੀਂ ਹਨ ਸਗੋਂ ਅਮਲ ਦੇ ਘਰ ਪਹੁੰਚਣ ਵਾਲੇ ਹਨ ਕਿਉਂ ਕਿ ਆਰ.ਐਸ.ਐਸ. ਦੀ ਸੋਚ, ਸਿਧਾਂਤ ਅਤੇ ਥਿਊਰੀ ਤੋਂ ਵੱਧ ਕੇ ਅਮਲ ਅਤੇ ਲਾਗੂ ਕਰਨ ਦੀ ਸ਼ਕਲ ਵਿਚ ਆ ਗਈ ਹੈ। ਇਥੇ ਇਹ ਧਿਆਨ ਰਹੇ ਕਿ ਦੇਸ਼ ਦੇ ਸਾਰੇ ਹਿੰਦੂ ਵੀਰ ਭੈਣਾਂ ਇਸ ਸੋਚ ਵਾਲੇ ਨਹੀਂ ਹਨ। ਇਸ ਪੁੱਠੀ ਸੋਚ ਵਿਚ ਕੁਝ ਲੱਖ ਬੰਦੇ ਹੀ ਘਿਰੇ ਹੁੰਦੇ ਹਨ, ਪਰ ਉਹ ਇਸ ਕਾਰਣ ਸਾਰੇ ਦੇਸ਼ ਨੂੰ ਹਾਨੀ ਪਹੁੰਚਾ ਸਕਦੇ ਹਨ। ਹੁਣ ਤਾਂ ਸਿਆਣੇ ਹਿੰਦੂ ਸੱਜਣ ਆਰ.ਐਸ.ਐਸ. ਦੀ ਸੋਚ ਤੋਂ ਉਪਜਣ ਵਾਲੇ ਦੇਸ਼ ਮਾਰੂ ਸਿੱਟਿਆਂ ਵਲੋਂ ਲੋਕਾਂ ਨੂੰ ਜਾਗ੍ਰਿਤ ਵੀ ਕਰ ਰਹੇ ਹਨ।

ਆਰ.ਐਸ.ਐਸ. ਦੀ ਸਿੱਖਾਂ ਪ੍ਰਤੀ ਇਹ ਨੀਤੀ ਕਿ 'ਸਿੱਖ ਹਿੰਦੂ ਮਤਿ ਦਾ

ਹੀ ਅੰਗ ਹਨ ਅਗਿਆਨਤਾ ਦਾ ਸਿੱਟਾ ਤਾਂ ਹੈ ਹੀ ਪਰ ਰਾਜਸੀ ਚਲਾਕੀ ਤੋਂ ਉਪਜੀ ਹੋਈ ਇਕ ਸਾਜਿਸ਼ ਵੀ ਹੈ। *ਸਿੱਖ ਧਰਮ ਇਨ੍ਹਾਂ ਠੋਸ ਅਧਾਰਾਂ ਦੇ ਸਦਕਾ ਇਕ ਵਿਲੱਖਣ ਵਿਸ਼ਵ ਧਰਮ ਹੈ :*

ੳ) ਸਿੱਖ ਧਰਮ ਕੇਵਲ ਇਕੋ ਅਕਾਲ ਪੁਰਖ ਦੀ ਆਦਿ-ਜੁਗਾਦੀ ਹੋਂਦ ਨੂੰ ਸਤਿ ਮੰਨਦਾ ਹੈ ਬਾਕੀ ਸਭ ਉਸ ਦੀ ਕਿਰਤ ਅਤੇ ਚੱਲਣਹਾਰ ਖੇਡ ਹੈ। ਹਿੰਦੂ ਧਰਮ ਬਹੁਦੇਵਵਾਦ ਅਤੇ ਅਵਤਾਰ ਪੂਜਾ ਨੂੰ ਮੰਨਦਾ ਹੈ।

ਅ) ਸਿੱਖ ਧਰਮ ਦੀ ਹੋਂਦ ਸਾਰੇ ਮਨੁੱਖਾਂ ਨੂੰ ਇਕ ਰੱਬ ਦੀ ਕਿਰਤ ਮੰਨ ਕੇ ਉਨ੍ਹਾਂ ਵਿਚ ਪਰਮਾਤਮਾ ਨੂੰ ਦੇਖਣ ਉਤੇ ਅਧਾਰਤ ਹੈ, ਭਾਵ ਕੋਈ ਜਾਤ-ਪਾਤ ਅਤੇ ਛੋਟਾ-ਵੱਡਾ ਨਹੀਂ। ਹਿੰਦੂ ਧਰਮ ਅਨੁਸਾਰ ਬ੍ਰਾਹਮਣ, ਖੱਤਰੀ, ਸ਼ੂਦਰ ਤੇ ਵੈਸ ਚਾਰ ਜਾਤਾਂ ਅਤੇ ਇਨ੍ਹਾਂ ਤੋਂ ਬਣੀਆਂ ਉਪ ਜਾਤਾਂ ਹੀ ਮਨੁੱਖੀ ਸਮਾਜ ਦਾ ਸੱਚ ਹੈ ਭਾਵ ਮਨੁੱਖ ਜਨਮ ਕਰਕੇ ਉਤਮ, ਮਧਮ ਜਾਂ ਨੀਚ ਹਨ। ਬ੍ਰਾਹਮਣ, ਸਮਾਜ ਦਾ ਆਗੂ ਹੈ।

ੲ) ਸਿੱਖ ਧਰਮ ਵਿਚ ਮੂਰਤੀ ਪੂਜਾ ਮਨ੍ਹਾ ਹੈ, ਤੀਰਥ ਇਸ਼ਨਾਨਾਂ ਦਾ ਕੋਈ ਮਹੱਤਵ ਨਹੀਂ, ਵਰਤ-ਨੇਮ ਦਾ ਕੋਈ ਲਾਭ ਨਹੀਂ, ਦੇਵੀ-ਦੇਵਤਿਆਂ ਦੀ ਪੂਜਾ ਨਹੀਂ। ਹਿੰਦੂ ਧਰਮ ਵਿੱਚ ਮੂਰਤੀ ਪੂਜਾ ਪ੍ਰਵਾਨ ਹੈ, ਤੀਰਥਾਂ ਦੇ ਇਸ਼ਨਾਨ ਦਾ ਮਹਾਤਮ ਹੈ, ਉਪਾਵ-ਨੇਮ-ਵਰਤ-ਗਊ ਪੂਜਾ ਦਾ ਲਾਭ ਹੈ ਅਤੇ ਦੇਵੀ ਦੇਵਤਿਆਂ ਦਾ ਪੂਰਾ ਤੰਤਰ ਹੈ।

ਇਨ੍ਹਾਂ ਮੁੱਢਲੇ ਭੇਦਾਂ ਦੇ ਕਰਕੇ ਸਿੱਖ ਧਰਮ, ਭਾਰਤੀ ਸੰਸਕ੍ਰਿਤੀ ਦੇ ਪੁਰਾਤਨ ਹਿੰਦੂ ਧਰਮ ਤੋਂ ਉਕਾ ਹੀ ਵਿਲੱਖਣ, ਨਵੀਨ, ਵਿਸ਼ਵ-ਵਿਆਪੀ ਅਤੇ ਵਿਗਿਆਨਕ ਹੈ। *ਹਿੰਦੂਆਂ, ਸਿੱਖਾਂ ਵਿੱਚ ਬਹੁਤ ਸਾਰੀਆਂ ਸਾਂਝੀਆਂ ਗੱਲਾਂ ਐਸੀਆਂ ਹਨ, ਜਿਨ੍ਹਾਂ ਤੋਂ ਮੁਨਕਰ ਹੋਣਾ ਮੁਨਾਸਿਬ ਨਹੀਂ, ਇਹ ਗੱਲਾਂ ਹੋਰਨਾਂ ਲੋਕਾਂ ਤੇ ਵੀ ਉਸੇ ਤਰ੍ਹਾਂ ਲਾਗੂ ਹਨ :*

ੳ) ਸਿੱਖ ਵੀ ਮਨੁੱਖ ਹਨ, ਹਿੰਦੂ, ਮੁਸਲਮਾਨ, ਈਸਾਈ, ਬੋਧੀ, ਜੈਨੀ ਆਦਿ ਸਾਰੇ ਮਨੁੱਖ ਹਨ।

ਅ) ਸਿੱਖ ਬਹੁਤੇ ਭਾਰਤੀ ਹਨ, ਹਿੰਦੂ, ਮੁਸਲਮਾਨ, ਈਸਾਈ ਬੋਧੀ, ਜੈਨੀ ਵੀ ਭਾਰਤੀ ਹਨ।

ੲ) ਇਕ ਅਕਾਲ ਪੁਰਖ, ਇਕ ਅੱਲਾਹ, ਇਕ ਈਸ਼ਵਰ ਅਤੇ ਉਸ ਦੀ ਕੁਦਰਤ ਦੇ ਪਸਾਰੇ ਵੱਲ ਵਿਸ਼ਵਾਸ਼ ਤੇ ਸ਼ਰਧਾ ਰੱਖਣ ਵਾਲਿਆਂ ਧਰਮੀਆਂ ਵਿਚ ਰੂਹਾਨੀ ਸਮਾਨਤਾ ਹੈ।

ਸ) ਸਿੱਖ, ਹਿੰਦੂ, ਮੁਸਲਮਾਨ, ਈਸਾਈ, ਬੋਧੀ, ਜੈਨੀ ਆਦਿ ਸਾਰੇ, ਪਰਿਵਾਰਾਂ ਅਤੇ ਸਾਂਝੇ ਸਮਾਜ ਵਿੱਚ ਬੱਝੇ ਹੋਏ ਹਨ ਤੇ ਸਾਰਿਆਂ ਦਾ ਭਵਿੱਖ ਸਾਂਝਾ ਹੈ।

ਹ) ਸਿੱਖ ਮਰੀਜ਼ ਦਾ ਇਲਾਜ ਮੁਸਲਮਾਨ ਡਾਕਟਰ ਕਰ ਸਕਦਾ ਹੈ, ਹਿੰਦੂ ਮਰੀਜ਼ ਦਾ ਈਸਾਈ ਡਾਕਟਰ ਕਰ ਸਕਦਾ ਹੈ, ਜੈਨੀ ਮੰਦਰ ਵਿੱਚ ਮੁਸਲਮਾਨ ਕਾਰੀਗਰ ਦੇ ਬਣੇ ਸ਼ੀਸ਼ੇ ਵਰਤੇ ਜਾ ਸਕਦੇ ਹਨ ਤੇ ਕਿਸੇ ਮਸਜਿਦ ਦਾ ਨਕਸ਼ਾ ਹਿੰਦੂ ਆਰਕੀਟੈਕਟ ਬਣਾ ਸਕਦਾ ਹੈ – ਇਹ ਭਾਰਤੀ ਸਮਾਜ ਦਾ ਸਾਂਝਾ ਵਰਤਾਰਾ ਹੈ।

ਕ) ਸਮਾਜਿਕ–ਆਰਥਿਕ ਤੌਰ ਤੇ ਹਿੰਦੂ–ਸਿੱਖ–ਮੁਸਲਮਾਨ–ਈਸਾਈ ਸ਼ਾਂਤੀ ਨਾਲ ਰਹਿ ਰਹੇ ਹਨ ਤੇ ਉਨੱਤ ਹੋਣਾ ਚਾਹੁੰਦੇ ਹਨ।

*ਖ਼ਤਰਾ ਇਹ ਹੈ ਕਿ ਕੁਝ ਕੁ ਔਰੰਗਜ਼ੇਬੀ ਸੋਚ ਵਾਲੇ ਲੋਕਾਂ ਦੀਆਂ ਚਾਲਾਂ ਦੇ ਕਰਕੇ ਹਿੰਦੁਸਤਾਨ ਦੀ ਏਕਤਾ ਭੰਗ ਨਾ ਹੋ ਜਾਵੇ। ਦੇਸ਼ ਦੇ ਦਰਦੀਆਂ ਨੂੰ ਇਸ ਬਾਰੇ ਜ਼ਰੂਰ ਸਾਵਧਾਨ ਹੋਣਾ ਚਾਹੀਦਾ ਹੈ। ਸਿੱਖਾਂ ਨੂੰ ਆਪਣੇ ਧਰਮ ਨੂੰ ਬਚਾਉਣ ਲਈ ਜਾਗਣਾ ਚਾਹੀਦਾ ਹੈ।*

*ਪ੍ਰੋ. ਬਲਵਿੰਦਰਪਾਲ ਸਿੰਘ*
*ਸੰਪਾਦਕ*
*ਸਾਡਾ ਵਿਰਸਾ ਸਾਡਾ ਗੌਰਵ*

# ਹਮਲਾਵਰਾਂ ਨੇ ਹਿੰਦੂ ਮੰਦਰ ਕਿਉਂ ਢਾਹੇ ?

ਉਘੇ ਇਤਿਹਾਸਕਾਰ ਡਾ: ਸੰਗਤ ਸਿੰਘ ਜੀ ਆਪਣੀ ਪੁਸਤਕ 'ਇਤਿਹਾਸ 'ਚ ਸਿੱਖ' ਵਿਚ ਲਿਖਦੇ ਹਨ ਕਿ ਹਮਲਾਵਰ ਮੁਸਲਮਾਨਾਂ ਤੇ ਹਿੰਦੁਸਤਾਨ ਵਿਚ ਆ ਕਿ ਹਿੰਦੂ ਮੰਦਰ ਕਿਉਂ ਢਾਹੇ ? ਉਹਨਾਂ ਦਾ ਮੰਨਣਾ ਹੈ ਕਿ ਇਹ ਹਮਲਾਵਰ ਅਸਲ ਵਿਚ ਉਹ ਬੋਧੀ ਸਨ ਜਿਹਨਾਂ ਦੇ ਧਰਮ ਅਸਥਾਨ ਹਿੰਦੂਆਂ ਨੇ ਢਾਏ ਸਨ ਤੇ ਇਹਨਾਂ ਨੂੰ ਦੇਸ਼ ਵਿਚੋਂ ਬਾਹਰ ਨਿਕਲਣ ਤੇ ਮਜ਼ਬੂਰ ਕਰ ਦਿੱਤਾ ਸੀ। ਬਾਹਰ ਜਾ ਕਿ ਇਹਨਾਂ ਬੋਧੀਆਂ ਨੇ ਇਸਲਾਮ ਧਰਮ ਅਪਣਾਅ ਲਿਆ ਸੀ ਅਤੇ ਜਦ ਇਹਨਾਂ ਨੂੰ ਮੌਕਾ ਮਿਲਿਆ ਤਾਂ ਇਹਨਾਂ ਨੇ ਹਿੰਦੁਸਤਾਨ ਆ ਕਿ ਆਪਣੇ ਵੱਡੇ ਵਡੇਰਿਆਂ ਦਾ ਬਦਲਾ ਲਿਆ ਅਤੇ ਹਿੰਦੂ ਮੰਦਰ ਢਾਹੇ ਅਤੇ ਲੁੱਟੇ।

ਇਸ ਘਟਨਾ ਤੋਂ ਦੋ ਗੱਲਾਂ ਉਭਰ ਕੇ ਸਾਹਮਣੇ ਆਉਂਦੀਆਂ ਹਨ।

ਪਹਿਲੀ– ਜਦ ਕਿਸੇ ਧਰਮ ਨੂੰ ਮੰਨਣ ਵਾਲਿਆਂ ਕੋਲ ਸ਼ਕਤੀ ਆਉਂਦੀ ਹੈ ਤਾਂ ਉਹ ਦੂਜਿਆਂ ਦੀ ਧਾਰਮਿਕ ਆਜ਼ਾਦੀ ਨੂੰ ਕੁਚਲਨਾ ਚਾਹੁੰਦੇ ਹਨ, ਸਮਾਪਤ ਕਰਨਾ ਚਾਹੁੰਦੇ ਹਨ।

ਦੂਜੀ – ਸਮੇਂ ਦਾ ਚੱਕਰ ਚਲਦਾ ਜਾਂਦਾ ਹੈ। ਕਦੇ ਦਾਦੇ ਦੀਆਂ ਤੇ ਕਦੇ ਪੋਤੇ ਦੀਆਂ। ਜਦ ਕਦੇ ਇਹਨਾਂ ਮਜ਼ਲੂਮਾਂ ਕੋਲ ਸ਼ਕਤੀ ਆਉਂਦੀ ਹੈ ਤਾਂ ਉਹ ਰਜ ਕੇ ਬਦਲੇ ਲੈਂਦੇ ਹਨ।

ਗੁਰਮਤਿ ਅਤੇ ਸਿੱਖੀ ਦਾ ਉਪਰੋਕਤ ਦੋਹਾਂ ਨੁਕਤਿਆਂ ਨਾਲ ਵਿਰੋਧ ਹੈ। ਨਾ ਅਸੀਂ ਕਿਸੇ ਤੇ ਜ਼ੁਲਮ ਕਰਨਾ ਚਾਹੁੰਦੇ ਹਾਂ, ਨਾ ਜ਼ਬਰਦਸਤੀ ਉਹਨਾਂ ਦੇ ਧਰਮ ਅਸਥਾਨ ਢਾਹੁਣਾ ਚਾਹੁੰਦੇ ਹਾਂ ਤੇ ਨਾ ਹੀ ਅਸੀਂ ਬਦਲੇ ਵਸ ਪਿਓ ਦੀ

ਗਲਤੀਆਂ ਦਾ ਬਦਲਾ ਪੁੱਤਰਾਂ ਕੋਲੋਂ ਜਾਂ ਉਸ ਧਰਮ ਦੇ ਹੋਰਨਾਂ ਸਾਰੇ ਲੋਕਾਂ ਨੂੰ ਮਾਰ ਕੇ ਲੈਣਾ ਚਾਹੁੰਦੇ ਹਾਂ।

ਅੱਜ ਹਿੰਦੁਸਤਾਨ ਵਿਚ ਹਿੰਦੂਤਵ ਦੀ ਗੱਲ ਕਰਨ ਵਾਲਿਆਂ ਕੋਲ ਸ਼ਕਤੀ ਹੈ। ਇਸ ਸ਼ਕਤੀ ਨਾਲ ਕਦੇ ਈਸਾਈ ਪਾਦਰੀ ਮਾਰੇ ਜਾ ਰਹੇ ਹਨ, ਕਦੇ ਮਸੀਤਾਂ ਢਾਹੀਅ ਜਾ ਰਹੀਆਂ ਹਨ ਅਤੇ ਕਦੇ ਸਿੱਖਾਂ ਨੂੰ ਪਿਆਰ ਦੀ ਗਲਵਕੜੀ ਦਾ ਨਾਟਕ ਕਰਕੇ ਆਪਣੇ ਅੰਦਰ ਸਮਾ ਲੈਣ ਦੀਆਂ ਡੂੰਘੀਆਂ ਸਾਜ਼ਿਸ਼ਾਂ ਚਲ ਰਹੀਆਂ ਹਨ। ਇਸ ਰੁਝਾਨ ਦੇ ਜਾਰੀ ਰਹਿਣ ਨਾਲ :

(ੳ) ਦੇਸ਼ ਦੀ ਏਕਤਾ ਭੰਗ ਹੋਵੇਗੀ ਤੇ ਫਿਰ ਗੁਲਾਮੀ ਵੱਲ ਵਧਾਂਗੇ।

(ਅ) ਲਿਤਾੜੇ ਲੋਕਾਂ ਕੋਲ ਵੀ ਕਦੇ ਤਾਕਤ ਆਏਗੀ ਤੇ ਉਹ ਵੀ ਬਦਲੇ ਲੈਣਗੇ।

ਤਾਕਤ ਦੇ ਨਸ਼ਈ ਲੋਕੋ – ਆਪਣਾ ਧਰਮ ਕਿਸੇ ਤੇ ਨਾ ਥੋਪੋ, ਕਿਸੇ ਦੇ ਧਰਮ ਨੂੰ ਨਾ ਤਬਾਹ ਕਰੋ।

**ਇਕ ਸੁਨੇਹਾ – ਸਾਰੀਆਂ ਘੱਟ ਗਿਣਤੀਆਂ ਲਈ। ਜੇਕਰ ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ੭੨ ਗੁਰਦੁਆਰਿਆਂ ਤੇ ਹੋਏ ਸ਼ਰਮਨਾਕ ਹਮਲੇ ਵੇਲੇ ਅਸੀਂ ਬੋਲਦੇ ਤਾਂ ਅੱਜ ਇਹ ਦੁਰਦਸ਼ਾ ਨਹੀਂ ਸੀ ਹੋਣੀ। ਸਾਰੇ ਇਕ ਇਕ ਕਰਕੇ ਕੋਹੇ ਜਾ ਰਹੇ ਹਨ। ਘੱਟ ਗਿਣਤੀਆਂ ਸੰਗਠਿਤ ਹੋਣ ਤੇ ਆਪੋ ਆਪਣੇ ਅਕੀਦਿਆਂ ਦੀ ਰਾਖੀ ਕਰਨ।**

–ਸਰਬਜੀਤ ਸਿੰਘ

# ਏਕੁ ਪਿਤਾ ਏਕਸ ਕੇ ਹਮ ਬਾਰਿਕ

ਸਿੱਖ ਧਰਮ ਇਕ ਓਂਕਾਰੀ ਮਤਿ ਹੈ ਜਿਸਦੇ ਆਦਿ ਗੁਰੂ, ਜੋਤਿ ਰੂਪ ਹਰਿ ਆਪੁ ਗੁਰੂ ਨਾਨਕ ਕਹਾਇਓ ਨੇ ਜਗਤ ਦੀ ਧਰਮ-ਪਸਾਉ ਪ੍ਰਕ੍ਰਿਆ ਵਿਚ ਨਵੇਂ-ਨਵੇਕਲੇ, ਸਰਬਤ ਦੇ ਭਲੇ ਦੇ ਸੰਕਲਪ ਨੂੰ, "ਮਾਰਿਆ ਸਿੱਕਾ ਜੱਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ" ਦੇ ਰੂਪ ਸਿਰਜਿਆ, ਸਿੰਜਿਆ, ਸੰਚਾਰਿਆ ਤੇ ਨਵਖੰਡ ਪ੍ਰਿਥਮੀ ਸਚਾ ਢੋਆ ਵਿਚ ਪ੍ਰਚਾਰਿਆ ਅਤੇ 239 ਵਰ੍ਹਿਆਂ ਦੀ ਕਰੜੀ ਅਮਲੀ ਘਾਲਣਾ ਮਗਰੋਂ, ਦਸਵੇਂ ਜਾਮੇ ਵਿੱਚ 'ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ' ਵਿਚ ਇਕ ਬ੍ਰਹਮੰਡੀ ਧਰਮ ਨੂੰ ਸੰਪੂਰਨਤਾ ਬਖਸ਼ੀ। ਇਸ ਸੱਚਾਈ ਨੂੰ ਅਜ ਸਾਰਾ ਜਾਗਰੂਕ ਸੰਸਾਰ ਪਛਾਣ ਕੇ ਪਰਵਾਨ ਕਰ ਚੁੱਕਾ ਹੈ।

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦੀ ਫਿਲਾਸਫੀ ਨੂੰ ਸਮਸੱਤ ਲੋਕਾਈ ਤਕ ਪਹੁੰਚਾਣ, ਗੁਰੂ ਦੀ ਦੱਸੀ ਕਾਰ (assigned job) ਸਮਝ ਕੇ, ਹਰ ਸੰਭਵ ਵਸੀਲਿਆਂ ਨਾਲ, ਅਗਾਂਹ ਕੂ ਤ੍ਰਾਂਘ ਪਿੱਛੈ ਫੇਰਿ ਨ ਮੁਹਡੜਾ ਦੀ ਚਾਲੇ ਨਿਤ-ਨਵੀਆਂ ਪੁਲਾਂਘਾਂ ਪੁੱਟ ਰਿਹਾ ਹੈ। ਯੂਨੈਸਕੋ ਨੇ ਵਿਸ਼ਵ ਸ਼ਾਂਤੀ ਲਈ ਮਨੋਰਥ ਪੱਤਰ 2000 ਦੇ ਮਿਥੇ ਹੋਏ ਅਮਨ ਅਤੇ ਅਹਿੰਸਾ ਦੇ ਸਭਿਆਚਾਰ ਨੂੰ ਪ੍ਰਫੁਲਿਤ ਤੇ ਪ੍ਰਚਾਰਣ ਲਈ ਇਸ ਸੰਸਥਾ ਨੂੰ ਆਪਣਾ ਸੰਦੇਸ਼ ਵਾਹਕ ਐਲਾਨਿਆ ਹੈ। ਸਰਬਤ ਦਾ ਭਲਾ ਲੋਚਣਾ ਸਿੱਖ ਧਰਮ ਦਾ ਮੁੱਢਲਾ ਤੇ ਅਰਦਾਸ ਦੀ ਸੰਪੂਰਨਤਾ ਦਾ ਅੰਗ ਹੈ ਤੇ ਇਸਦੀ ਅਮਲੀ ਤੌਰ ਪਰ ਪਾਲਣਾ ਲਈ ਅਸੀਂ ਗੁਰੂ ਕੇ ਸਿੱਖ ਕਿਸੇ ਵੀ ਸੰਸਥਾ, ਸੋਸਾਇਟੀ, ਸਿੱਖ ਸੰਗਤ ਰਾਸ਼ਟਰੀ ਜਾਂ ਅੰਤਰ ਰਾਸ਼ਟਰੀ ਦਾ ਜੀ ਆਇਆਂ ਨੂੰ ਕਹਿ ਕੇ ਸਵਾਗਤ ਕਰਦੇ ਹਾਂ ਜਿਹੜੀ ਸੱਚੇ-ਸੁੱਚੇ ਮਨ ਨਾਲ ਗੁਰਸਿੱਖੀ ਧਾਰਣ ਕਰਕੇ ਮਨੁੱਖੀ ਭਾਈਚਾਰੇ ਦੀ ਸੇਵਾ ਵਿੱਚ ਯੋਗਦਾਨ ਪਾਉਣ

ਲਈ, ਸਾਢੇ ਪੰਜ ਸੌ ਸਾਲਾਂ ਤੋਂ ਵੱਧ ਸਮੇਂ ਤੋਂ ਚਲੇ ਆ ਰਹੇ, 'ਏਕ ਪਿਤਾ ਏਕਸ ਕੇ ਹਮ ਬਾਰਿਕ' ਦੇ ਭਾਈਚਾਰੇ ਵਿਚ ਸ਼ਮੂਲੀਅਤ ਕਰਦੀ ਹੈ।

ਗੁਰੂ ਘਰ ਦੇ ਦਰਵਾਜ਼ੇ ਸਾਰਿਆਂ ਲਈ ਖੁੱਲ੍ਹੇ ਹਨ, ਪਰ ਮੁਢਲੀ ਸਰਤ ਭਾਈ ਮੰਝ ਵਾਲੀ ਸਾਖੀ ਤੋਂ ਸਪਸ਼ਟ ਹੁੰਦੀ ਹੈ। ਭਾਈ ਮੰਝ , ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਕਰੰਮਾਈ ਦਾ ਵਡਾ ਧਨਾਢ ਚੌਧਰੀ ਤੇ ਸਖੀ-ਸਰਵਰੀਆਂ ਦਾ ਆਗੂ-ਪ੍ਰਚਾਰਕ ਸੀ ਜਿਸਦੇ ਆਪਣੇ ਘਰ ਵਿਚ ਪੀਰਖਾਨਾ ਬਣਾਇਆ ਹੋਇਆ ਸੀ ਤੇ ਹਰ ਵਰ੍ਹੇ ਨਗਾਹੇ ਸਰਵਰਪੀਰ ਦੀ ਯਾਤਰਾ ਨੂੰ ਜਾਇਆ ਕਰਦਾ ਸੀ। ਸੰਨ 1585 ਵਿਚ ਯਾਤਰਾਂ ਤੋਂ ਮੁੜਦਿਆਂ ਸ੍ਰੀ ਅੰਮ੍ਰਿਤਸਰ ਵਿਖੇ ਗੁਰੂ ਅਰਜਨ ਸਾਹਿਬ ਦੇ ਦਰਸ਼ਨ ਕਰਦਿਆਂ ਸਿੱਖਾਂ ਦੀ ਰਹਿਣੀ-ਬਹਿਣੀ, ਗੁਰ ਉਪਦੇਸ਼ ਅਨੁਸਾਰ ਸੇਵਾ ਸਿਮਰਨ ਸਤਿਸੰਗ ਵਿਚ ਇੰਨਾਂ ਅਨੰਦ ਮਹਿਸੂਸ ਕੀਤਾ ਕਿ ਸਤਿਗੁਰਾਂ ਕੋਲੋਂ ਸਿੱਖੀ ਦੀ ਦਾਤ ਮੰਗੀ। ਗੁਰਾਂ ਫੁਰਮਾਇਆ 'ਪੁਰਖਾ, ਸਿੱਖੀ ਉਤੇ ਸਿੱਖੀ ਨਹੀਂ ਟਿਕਦੀ, ਪਹਿਲਾਂ ਸਿੱਖ-ਮਤ ਤੋਂ ਉਲਟ ਕਰਮ-ਕਾਂਡਾਂ ਦਾ ਤਿਆਗ ਕਰ, ਤਾਂ ਹੀ ਸਿੱਖੀ ਨਿਭਾ ਸਕੇਂਗਾ। ਇਕ ਅਕਾਲ ਪੁਰਖ ਦੇ ਲੜ ਲੱਗਦਿਆਂ ਤੇ ਸੱਚ ਦੇ ਮਾਰਗ 'ਤੇ ਚਲਦਿਆਂ, ਆਮ ਲੋਕਾਂ ਦੀ ਨਰਾਜ਼ਗੀ ਵੀ ਝੱਲਣੀ ਪੈਂਦੀ ਹੈ ਤੇ ਕਸ਼ਟ ਵੀ ਸਹਾਰਨੇ ਪੈਂਦੇ ਹਨ। ਜੇ ਅਜੇਹੀ ਕੁਰਬਾਨੀ ਲਈ ਤਿਆਰ ਹੈਂ ਤਾਂ ਸਿਖੀ-ਮਾਰਗ ਪਰ ਚਲ ਸਕੇਂਗਾ।' ਭਾਈ ਮੰਝ ਨੇ ਪਿੰਡ ਜਾ ਕੇ ਆਪਣੇ ਘਰ ਵਾਲਾ ਪੀਰਖਾਨਾ ਢਾਹ ਦਿੱਤਾ, ਸਰਵਰੀ ਪੂਜਾ ਛੱਡ ਦਿੱਤੀ, ਜੀਵਨ ਢੰਗ ਗੁਰੂ ਦੀ ਸਿੱਖਿਆ ਅਨੁਸਾਰ ਢਾਲਿਆ। ਮਾਲੀ ਔਕੜਾਂ ਆਈਆਂ, ਪਿੰਡ ਦੀ ਪਰਧਾਨਗੀ ਖੁਸ ਗਈ ਪਰ ਭਾਈ ਸਾਹਿਬ ਅਡੋਲ ਚਿਤ ਰਹਿੰਦਿਆਂ ਮਨੁੱਖਤਾ ਦੀ ਸੇਵਾ ਵਿਚ ਅੰਮ੍ਰਿਤਸਰ ਆ ਗਏ। ਕਰੜੀ ਘਾਲਣਾ ਤੇ ਮੁਸ਼ਕਤਾਂ ਨੂੰ ਗੁਰੂ ਬਖਸ਼ਿਸ਼ ਮਿਲੀ " ਮੰਝ ਪਿਆਰਾ ਗੁਰੂ ਕੋ, ਗੁਰੂ ਮੰਝ ਪਿਆਰਾ।। ਮੰਝ ਗੁਰੂ ਕਾ ਬੋਹਿਥਾ, ਜਗ ਲੰਘਣਹਾਰਾ।।"

ਰਾਸ਼ਟਰੀ ਸਿੱਖ-ਸੰਗਤ ਦੇ ਸਰਬ-ਹਿੰਦ ਪ੍ਰਧਾਨ ਸ੍ਰ. ਚਰਨਜੀਵ ਸਿੰਘ ਜੀ ਨੇ ਜਿਹੜਾ ਬਿਆਨ ਪਿੱਛੇ ਜਿਹੇ ਚੰਡੀਗੜ੍ਹ ਸਮਾਗਮ ਸਮੇਂ ਦਿੱਤਾ, ਕਿ ਉਹ ਤਾਂ

ਗੁਰਬਾਣੀ ਦਾ ਪ੍ਰਚਾਰ ਫਿਰਕੂ ਸਦਭਾਵਨਾ ਤੇ ਭਾਈਚਾਰਕ ਭਲੇ ਲਈ ਕਰਦਿਆਂ, ਗੁਰਦਵਾਰਿਆਂ ਦੇ ਸੁਯੋਗ ਪ੍ਰਬੰਧ, ਨਸ਼ਾ ਵਿਰੋਧੀ ਮੁਹਿੰਮ, ਹਰਿਆਣਾ, ਹਿਮਾਚਲ ਤੇ ਦਿੱਲੀ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦਿਵਾਉਣ ਦੀ ਵਕਾਲਤ ਕਰਨ, ਗੁਰਮਤਿ ਟ੍ਰੇਨਿੰਗ ਕੈਂਪ ਲਗਾਉਣ ਅਤੇ ਸਿੱਖ ਪ੍ਰੰਪਰਾ ਦੇ ਸ਼ਾਨਾਮਤੇ ਇਤਿਹਾਸ ਨੂੰ ਸਾਰੇ ਸਕੂਲਾਂ-ਕਾਲਜਾਂ ਵਿੱਚ ਪੜ੍ਹਾਉਣ ਦੀ ਮੰਗ ਕਰਦੇ ਹਨ, ਸ਼ਲਾਘਾਯੋਗ ਹੈ। ਇੰਨ੍ਹਾਂ ਅਤੇ ਬਾਕੀ ਸਿੱਖ-ਮੁਦਿਆਂ ਦੀ ਤਰਜਮਾਨੀ ਕਰਨ ਲਈ ਤਿਆਰੀ ਵਜੋਂ ਆਦਿ-ਗੁਰੂ ਪਾਤਸ਼ਾਹ ਧੰਨ ਗੁਰੂ ਨਾਨਕ ਵਲੋਂ ਉਲੀਕੇ ਤਿਆਰੀ-ਪ੍ਰੋਗਰਾਮ :

(ੳ) "ਜਉ ਤਉ ਪ੍ਰੇਮ ਖੇਲਣ ਕਾ ਚਾਓ, ਸਿਰ ਧਰਿ ਤਲੀ ਗਲੀ ਮੇਰੀ ਆਉ।। ਇਤਿ ਮਾਰਗ ਪੈਰ ਧਰੀਜੈ, ਸਿਰ ਦੀਜੈ ਕਾਣ ਨ ਕੀਜੈ।।" ਅਤੇ ਪਹਿਲਾਂ ਮਰਣ ਕਬੂਲ ਜੀਵਣ ਕੀ ਛਡਿ ਆਸ ਨੂੰ ਅਪਨਾਉਦਿਆਂ ਵਿਡਾਣੀ-ਚਾਕਰੀਆਂ ਤੇ ਚਤੁਰਾਈਆਂ ਛੱਡਕੇ ਗੁਰੂ ਦੇ ਖੰਡੇ ਬਾਟੇ ਦਾ ਅੰਮ੍ਰਿਤ ਛਕੋ, ਸਿੰਘ ਸਜੋ ਕਿਉ ਕਿ *"ਦਾਗੇ ਹੋਇ ਸੁਰਨ ਮੈ ਜੁਝੈ, ਬਿਨ ਦਾਗੇ ਭਜਜਾਈ।।"*

(ਅ) ਪਿਛਲੀ ਜਾਤ-ਕੁਲ-ਵੰਸ਼-ਧਰਮ-ਕਰਮ-ਜਨਮ-ਮਤਿ ਮੱਤਾਂਤਰਾਂ ਦਾ ਭਰਮ ਨਾਸ਼ ਕਰਦਿਆਂ ਖਾਲਸਾਈ ਰਹਿੱਤ ਦੇ ਪਰਪਕ ਬਣੋ ਜੀ।

(ੲ) "ਆਦਿ ਅਨੀਲੁ ਅਨਾਦਿ ਅਨਾਹਤ ਜੁਗ ਜੁਗ ਏਕੋ ਵੇਸ" ਪਾਰਬ੍ਰਹਮ ਪਰਮੇਸ਼ਵਰ ਦੀ ਪੂਜਾ ਕਰਨੀ ਤੇ "ਬਿਨ ਕਰਤਾਰ ਨ ਕਿਰਤਮ ਮਾਨੋ" ਉਪਦੇਸ਼ ਨੂੰ ਦ੍ਰਿੜ ਕਰਕੇ, ਤੀਰਥ ਇਸ਼ਨਾਨਾਂ, ਵਰਤਾਂ, ਮੜ੍ਹੀਆਂ, ਮੱਠਾਂ, ਬਹੁਦੇਵੀ-ਮੂਰਤੀ ਪੂਜਾ ਨੂੰ ਆਪਣੀ ਨਿੱਜੀ ਤੇ ਸਮਾਜਿਕ ਜ਼ਿੰਦਗੀ ਵਿੱਚੋਂ ਪੂਰਨ ਤੌਰ ਪਰ ਤਿਆਗਣਾ ਕਰੋ ਜੀ, ਤਾਂ ਜੋ ਕਿਤੇ 'ਜਿਨਿ ਮਨਿ ਹੋਰ ਮੁਖ ਹੋਰ ਸੇ ਕਾਢੇ ਕਚਿਆਂ" ਦੀ ਸ਼੍ਰੇਣੀ ਵਿਚ ਆ ਕੇ, ਮੀਣੇ ਧੀਰਮਲੀਏ, ਰਾਮ ਰਾਈਏ ਤੇ ਨਕਲੀ ਨਿਰੰਕਾਰੀਆਂ ਦੀ ਕੁਸੰਗਤ ਹੀ ਨਾ ਬਣਾ ਲਈਏ।

(ਸ) ਸਮੁੱਚੀ ਵਿਸ਼ਵ ਵਿਆਪੀ ਸਿੱਖ ਸੰਗਤ ਵਿਚ ਆਪਣੀ ਵਿਸ਼ਵਾਸ਼

ਯੋਗਤਾ ਦੀ ਪਰਪੱਕਤਾ ਨਿਸ਼ਚਿਤ ਕਰਨ ਲਈ, ਆਪਰੇਸ਼ਨ ਬਿਲਯੂ ਸਟਾਰ ਤੇ ਚੁਰਾਸੀ ਦੇ ਸਿੱਖ ਕਤਲੇਆਮ ਲਈ ਆਪਣੀ ਜਥੇਬੰਦੀ ਵਲੋਂ ਪਾਰਲੀਮੈਂਟ ਵਿਚ ਸ਼ੋਕ ਪਤਾ ਪੇਸ਼ ਕਰਨ ਲਈ ਕੇਂਦਰੀ ਸਰਕਾਰ ਉਪਰ ਦਬਾਅ ਪਾਇਆ ਜਾਵੇ। ਇਸ ਤਰ੍ਹਾਂ ਕੁਝ ਅਨਸਰਾਂ ਵਲੋਂ ਸ਼ੰਕਾਂ ਪ੍ਰਗਟਾਈ ਕਿ ਰਾਸ਼ਟਰੀ ਸਿੱਖ ਸੰਗਤ ਵਾਲੇ ਪਹਿਲਾਂ ਘੁਸਪੈਠ ਕਰਕੇ ਕਿਸੇ ਵੇਲੇ ਵੀ ਡੋਗਰਾ ਧਿਆਨ ਸਿੰਘ, ਗੁਲਾਬ ਸਿੰਘ ਅਤੇ ਯੂ.ਪੀ. ਦੇ ਪੂਰਬੀਏ ਭਰਾਵਾਂ ਤੇਜਾ ਸਿੰਘ, ਲਾਲ ਸਿੰਘ ਦੇ ਇਤਿਹਾਸ ਨੂੰ ਦੁਹਰਾਣਗੇ, ਨਵਿਰਤ ਹੋ ਜਾਵੇਗੀ।

ਉਪਰੋਕਤ ਸੁਹਿਰਦ ਸੁਝਾ "ਏਕ ਪਿਤਾ ਏਕਸ ਕੇ ਹਮ ਬਾਰਿਕ ਤੂੰ ਮੇਰਾ ਗੁਰਹਾਈ" ਦੇ ਰਿਸ਼ਤੇ ਦੀ ਸਫਲਤਾ ਲਈ ਕੀਤੇ ਹਨ, ਇਹ ਨਾਂਹ ਹੋਵੇ ਕਿ "ਦੀਨ ਗਵਾਇਆ ਦੁਨੀ ਸਉ, ਦੁਨੀ ਨਾ ਚੀਲੀ ਸਾਥ" ਵਾਲੀ ਸਥਿਤੀ ਆ ਬਣੇ ਤੇ ਗੁਰੂ ਦੀ ਦਰਗਾਹ ਵਿਚ ਬੇ-ਮੁਖ ਹੋ ਕੇ ਜਾਈਐ। ਸੋ ਸਿੱਖ ਸੱਖਾ ਬੰਧ ਹੈ ਭਾਈ ਜੋ ਗੁਰ ਕੇ ਭਾਣੇ ਵਿਚ ਆਵੈ। ਆਪਣੇ ਭਾਣੇ ਜੋ ਚਲੇ ਭਾਈ ਵਿਛੜ ਚੋਟਾਂ ਖਾਵੇ।।" ਤਾਂ ਤੇ ਮਨਿ ਬਚਿ ਕਰਮ ਕਰਕੇ ਰਾਸ਼ਟਰੀ ਸਿੱਖ ਸੰਗਤ ਵਾਲੇ ਗੁਰੂ ਦੀ ਸ਼ਰਣ ਵਿਚ ਆਉਣ। ਦੇਸ਼ ਕੌਮ ਦੀ ਅਖੰਡਤਾ ਲਈ ਤਨੋ, ਮਨੋ, ਧਨੋ ਕਦਮ-ਬ-ਕਦਮ ਇਕਸੁਰਤਾ ਨਾਲ ਪ੍ਰਗਤੀ ਕਰਦਿਆਂ "ਇਹ ਲੋਕ ਸਖੀਏ ਪਰਲੋਕ ਸੁਹੇਲੇ ਦੀ ਮੰਜ਼ਿਲ ਵਲ ਵਧਦੇ ਜਾਈਐ। ਇਸੇ ਵਿੱਚ ਹੀ ਸਰਬਤ ਦਾ ਭਲਾ ਹੈ।

ਜੋਗਿੰਦਰ ਸਿੰਘ
ਰਿਟ. ਡਿਪਟੀ ਚੀਫ਼ ਇੰਜੀਨੀਅਰ
ਕੋਆਰਡੀਨੇਟਰ, ਗੁਰਬਾਣੀ ਖੋਜ ਵਿਚਾਰ ਤੇ
ਸੰਚਾਰ ਕੇਂਦਰ

# ਗੁਰਮਤਿ ਗੌਰਵਤਾ

ਹਿੰਦੂ ਧਰਮ ਦੀ ਜਾਤੀ ਵੰਡ, ਸ਼ੂਦਰਾਂ ਨਾਲ ਅਤਿ ਦੀ ਘ੍ਰਿਣਾ, ਔਰਤ ਦਾ ਧਰਮ-ਚਿੰਤਨ ਜਾਂ ਪੂਜਾ-ਪਾਠ ਵਿਚ ਅਸਮਾਨਤਾ ਇਕ ਵੱਡਾ ਵਿਤਕਰਾ ਹੈ ਜਿਸ ਨੂੰ ਗੁਰਮਤਿ ਨੇ ਸੋਧ ਕੇ ਪੇਸ਼ ਕੀਤਾ।

ਇਸ ਦੇ ਟਾਕਰੇ ਉਤੇ ਗੁਰਮਤਿ ਹਰੇਕ ਪ੍ਰਾਣੀ ਨੂੰ ਬਰਾਬਰੀ ਦਾ ਦਰਜਾ ਦੇ ਕੇ ਸੱਚ ਪਾਂਧੀ ਬਣਨ ਦਾ ਅਧਿਕਾਰੀ ਮੰਨਦੀ ਹੈ। ਹਿੰਦੂ ਧਰਮ-ਚਿੰਤਨ ਵਿਚ ਸੌੜੇ ਸੌੜੇ ਰਾਹ, ਪਾਪ ਪੁੰਨ ਦੀਆਂ ਅਤਿ ਕਰੜੀਆਂ ਗੰਢਾਂ ਨੂੰ ਵੇਖ ਵੇਖ ਕੇ ਇੱਥੋਂ ਭਜ ਕੇ ਸਤਿਗੁਰਾਂ ਦੇ ਖੁੱਲ੍ਹੇ ਡੁੱਲ੍ਹੇ ਵਿਹੜੇ ਵਿਚ ਗੁਰੂ ਗੁਰੂ ਜਪਣ ਨੂੰ ਮਲੋ ਮਲੀ ਜੀਅ ਕਰਦਾ ਹੈ।

ਇਸਲਾਮ ਦੀ ਆਪਣੀ ਸੀਮਾ ਹੈ। ਉਹ ਧੱਕੇ ਨਾਲ ਸਾਰੀ ਦੁਨੀਆ ਨੂੰ ਮੋਮਨ ਕਰਨਾ ਚਾਹੁੰਦੇ ਹਨ। ਧੱਕੇ ਨਾਲ ਰਾਜ ਕਰਦੇ ਰਹੇ ਅਤੇ ਮਾਸੂਮ ਬੱਚਿਆਂ, ਔਰਤਾਂ ਅਤੇ ਗਰੀਬਾਂ ਉਤੇ ਤਰ੍ਹਾਂ ਤਰ੍ਹਾਂ ਦੇ ਜ਼ੁਲਮ ਕਰਦੇ ਰਹੇ। ਆਖ਼ਰ ਇਹ ਸਭ ਧਰਮ ਦੇ ਨਾਂ ਉਤੇ, ਅੱਲਾ ਦੇ ਨਾਂ ਉਤੇ ਕਿਉਂ ਹੁੰਦਾ ਰਿਹਾ? ਗੁਰੂ ਦੇ ਸਿੱਖਾਂ ਨੇ ਅਤੇ ਖ਼ੁਦ ਗੁਰੂ ਸਾਹਿਬਾਂ ਨੇ ਆਪਣੀਆਂ ਜਾਨਾਂ ਕੁਰਬਾਨ ਕਰ ਕੇ ਇਸਲਾਮ ਦੀ ਕਠੋਰ ਹੋ ਚੁੱਕੀ ਆਤਮਾ ਨੂੰ ਝੰਜੋੜਿਆ, ਪਰ ਨਤੀਜਾ ਕੁਝ ਨ ਨਿਕਲਿਆ। ਉਸ ਦੀ ਜ਼ਮੀਰ ਨੂੰ ਕਾਫ਼ਰ-ਮੋਮਨ ਦੀ ਵਿਚਾਰਧਾਰਾ ਨੇ ਪੱਥਰ ਹੀ ਬਣਾ ਦਿੱਤਾ ਹੈ।

ਇਸਲਾਮ ਨੂੰ ਇਕ ਅਕਾਲ ਦੀ ਸੋਝੀ ਤਾਂ ਹੈ, ਪਰ ਉਸਨੂੰ "ਸਰਬ ਮੈ ਪੇਖੈ ਭਗਵਾਨ" (੨੭੪) ਦੇ ਨੇਤਰ ਨਹੀਂ ਮਿਲੇ, ਇਸ ਲਈ ਕਾਣ ਰਹਿ ਗਈ।

ਇਕ ਅਕਾਲ ਪੁਰਖ ਨੂੰ ਛਡ ਕੇ ਹੋਰ ਕਿਸੇ ਦੀ ਪੂਜਾ ਘੋਰ ਅੰਧੇਰ-ਗਰਦੀ ਹੈ। ਗੁਰਮਤਿ ਦੇ ਫ਼ਲਸਫ਼ੇ ਦੀ ਇਹ ਗੌਰਵਤਾ ਹੈ ਕਿ ਸਮੁੱਚੇ ਸੰਸਾਰ ਨੂੰ 'ਹਰਿ ਕਾ ਰੂਪ' ਮੰਨਦੀ ਹੈ। ਇਹ ਅਨਰਵਚਨੀਯ ਮਾਇਆ ਨਹੀਂ ਹੈ।

"ਏਹੁ ਵਿਸੁ ਸੰਸਾਰੁ ਤੁਮ ਦੇਖਦੇ, ਏਹੁ ਹਰਿ ਕਾ ਰੂਪੁ ਹੈ,

ਹਰਿ ਰੂਪੁ ਨਦਰੀ ਆਇਆ" ।।੩੯।।

(ਰਾਮਕਲੀ ਮ: ੩, ਅਨੰਦੁ, ਪੰਨਾ ੯੨੨)

ਇਹ ਰਚਨਾ ਮਿਥਿਆ ਨਹੀਂ, ਸਤਿ ਹੈ, ਕਿਉਂ ਕਿ ਸੱਚੇ ਨੇ ਆਪ ਬਣਾਈ ਹੈ :

ਆਪਿ ਸਤਿ ਕੀਆ ਸਭੁ ਸਤਿ।।
ਤਿਸੁ ਪ੍ਰਭ ਤੇ ਸਗਲੀ ਉਤਪਤਿ।।੫।।੨੩।।

(ਗਉੜੀ ਸੁਖਮਨੀ ਮ: ੫, ਪੰਨਾ ੨੯੪)

ਇਸ ਵਿੱਚ ਰਹਿੰਦੇ ਵਿਚਰਦੇ ਬੰਦੇ ਇਕੋ ਵਾਹਿਗੁਰੂ ਜੀ ਦੇ ਬਣਾਏ ਹੋਏ ਹਨ। ਸਾਰੇ ਇਕੋ ਪਿਤਾ ਦੇ ਬੱਚੇ ਹਨ। ਸਾਰੀ ਮਨੁੱਖਤਾ ਦੀ ਸਾਂਝ ਦਾ ਧੁਰਾ ਇਕ ਅਕਾਲ ਪੁਰਖ ਹੈ।

ਕੋਊ ਭਇਓ ਮੁੰਡੀਆ, ਸੰਨਿਆਸੀ ਕੋਊ ਜੋਗੀ ਭਇਓ,
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ।।
ਹਿੰਦੂ ਤੁਰਕ ਕੋਊ, ਰਾਫਜੀ ਇਮਾਮ ਸਾਫੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।।
ਕਰਤਾ ਕਰੀਮ ਸੋਈ, ਰਾਜਕ ਰਹੀਮ ਓਈ,
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ।।
ਏਕ ਹੀ ਕੀ ਸੇਵ, ਸਬ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ।।੮੫।।

(ਅਕਾਲ ਉਸਤਤਿ ਪਾ: ੧੦, ਤਵਪ੍ਰਸਾਦਿ, ਕਬਿੱਤ

ਗੁਰੂ ਦੇ ਮੱਤ ਦੀ ਸਭ ਤੋਂ ਵੱਡੀ ਗੌਰਵ-ਮਈ ਗੱਲ ਇਹ ਹੈ ਕਿ ਇਹ ਸਮੁਚੀ ਮਨੁਖਤਾ ਨੂੰ ਆਪਣੇ ਕਲਾਵੇ ਵਿਚ ਲੈ ਕੇ, ਮੁਕਤ ਕਰਨ ਲਈ ਦ੍ਰਿੜ੍ਹ ਸੰਕਲਪ ਹੈ :-

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ।।
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ।।੮।।੨੩।।

(ਗਉੜੀ ਸੁਖਮਨੀ ਮ: ੫, ਪੰਨਾ ੨੯੫)

(ਗੋਬਿੰਦ ਗੱਜਿਆ ਵਿੱਚੋਂ ਧੰਨਵਾਦ ਸਹਿਤ)



ਹੁਣ ਕਿਉਂ ਸਿਦਕ ਮੇਰਾ ਅਜ਼ਮਾਵੇਂ,
ਨੀਲੇ ਦੇ ਅਸਵਾਰਾ?
ਮੈਂ ਅਰਦਾਸ ਕਰਾਂ ਕਿਸ ਥਾਂ 'ਤੇ,
ਬਲੇ ਪਿਆ ਜਗ ਸਾਰਾ!
ਵਾਟ ਮੇਰੀ ਸਦੀਆਂ ਦੀ ਹੋਈ
ਤਖ਼ਤ ਅਕਾਲ 'ਤੇ ਖੰਡਰ,
ਝੁਲਸੇ ਟੁੱਟੇ ਚਰਖ ਮਿਰੇ 'ਤੇ,
ਚਾੜ੍ਹ ਨਵਾਂ ਕੋਈ ਤਾਰਾ।

ਮਨਜੀਤ ਪ੍ਰਿੰਟਰਜ਼, ਲੁਧਿਆਣਾ ਫੋਨ: 424942 ਮੋਬਾਇਲ : 98141-98582